Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

Vol 17 * Issue 186 Daily Newspaper Thursday, September 27, 2018 Tel: 905-793-2202 Fax: 905-793-2282 news@punjabipost.ca

PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

## ਅੰਦਰ ਪੜ੍ਹੋ

ਡਬਲਯੂਐਸਓ ਵੱਲੋਂ ਕੈਨੇਡਾ ਭਰ ਵਿੱਚ ਕੀਤੀਆਂ ਜਾ ਰਹੀਆਂ ਹਨ ਓਰੀਐਂਟੇਸ਼ਨਜ਼


ਪੰਨਾ 3

ਨਿਊਜ਼ੀਲੈਂਡ 'ਚ 20 ਸਾਲਾ ਕੀਵੀ ਪੰਜਾਬੀ ਕੁੜੀ ਸ਼ੈਰੋਨਦੀਪ ਵੜੈਚ ਬਣੀ ਜ਼ੇਲ੍ਹ ਅਫਸਰ


ਪੰਨਾ 5

# ਟਰੂਡੋ ਨਾਲ ਨਾਫਟਾ ਸਬੰਧੀ ਮੁਲਾਕਾਤ ਰੱਦ ਕਰਨ ਦਾ ਟਰੰਪ ਨੇ ਕੀਤਾ ਖੁਲਾਸਾ


## ਅਜਿਹੀ ਕਿਸੇ ਵੀ ਮੁਲਾਕਾਤ ਦਾ ਕਦੇ ਕੋਈ ਸੱਦਾ ਨਹੀਂ ਮਿਲਿਆ : ਪੀਐਮਓ

ਨਿਊ ਯੌਰਕ, 26 ਸਤੰਬਰ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦਾ ਕਹਿਣਾ ਹੈ ਕਿ ਉਨ੍ਹਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਆਹਮੋ ਸਾਹਮਣੇ ਹੋਣ ਵਾਲੀ ਮੀਟਿੰਗ ਰੱਦ ਕਰ ਦਿੱਤੀ ਕਿਉਂਕਿ ਉਹ ਕੈਨੇਡੀਅਨ ਟੈਰਿਫਜ਼ ਤੋਂ ਪਰੇਸ਼ਾਨ ਸਨ। ਪਰ ਟਰੂਡੋ ਦੇ ਆਫਿਸ ਦਾ ਕਹਿਣਾ ਹੈ ਕਿ ਅਜਿਹੀ ਕਿਸੇ ਵੀ ਮੁਲਾਕਾਤ ਲਈ ਟਰੰਪ ਵੱਲੋਂ ਕੋਈ ਸੱਦਾ ਹੀ ਨਹੀਂ ਸੀ ਦਿੱਤਾ ਗਿਆ।



ਬੁੱਧਵਾਰ ਨੂੰ ਟਰੰਪ ਨੇ ਨਿਊ ਯੌਰਕ ਵਿੱਚ ਸੰਯੁਕਤ ਰਾਸ਼ਟਰ ਦੇ ਹੈੱਡਕੁਆਰਟਰਜ਼ ਵਿਖੇ ਰੱਖੀ ਗਈ ਪ੍ਰੈੱਸ ਕਾਨਫਰੰਸ ਵਿੱਚ ਆਖਿਆ ਕਿ ਜੇ ਨਾਫਟਾ ਵਾਰਤਾਕਾਰ ਕਿਸੇ ਡੀਲ ਉੱਤੇ ਪਹੁੰਚਣ ਤੋਂ ਅਸਫਲ ਰਹਿੰਦੇ ਹਨ ਤਾਂ ਉਹ ਕੈਨੇਡਾ ਦੀ ਆਟੋ ਇੰਡਸਟਰੀ ਉੱਤੇ ਨਵੇਂ ਟੈਰਿਫ ਲਾ ਦੇਣਗੇ। ...ਬਾਕੀ ਪੰਨਾ 6 ’ਤੇ

# ਬੈਂਕ ਖਾਤੇ, ਸਕੂਲ, ਟੈਲੀਕਾਮ ਸੇਵਾਵਾਂ ਲਈ ਆਧਾਰ ਨੰਬਰ ਜ਼ਰੂਰੀ ਨਹੀਂ : ਸੁਪਰੀਮ ਕੋਰਟ



ਨਵੀਂ ਦਿੱਲੀ, 26 ਸਤੰਬਰ, (ਪੋਸਟ ਬਿਊਰੋ)- ਆਧਾਰ ਕਾਰਡ ਦੇ ਜਾਇਜ਼ ਹੋਣ ਬਾਰੇ ਸੁਪਰੀਮ ਕੋਰਟ ਨੇ ਵੱਡਾ ਫੈਸਲਾ ਸੁਣਾ ਦਿੱਤਾ ਹੈ। ਅੱਜ ਕੋਰਟ ਵਲੋਂ ਜਾਰੀ ਕੀਤੇ ਫੈਸਲੇ ਅਨੁਸਾਰ ਆਧਾਰ ਕਾਰਡ ਨੰਬਰ ਬੈਂਕ ਖਾਤਿਆਂ ਲਈ ਜ਼ਰੂਰੀ ਨਹੀਂ ਹੋਵੇਗਾ। ਇਹੀ ਨਹੀਂ, ਅੱਗੇ ਤੋਂ ਆਧਾਰ ਕਾਰਡ ਨੰਬਰ ਟੈਲੀਕਾਮ ਸੇਵਾਵਾਂ ਅਤੇ 6 ਸਾਲ ਤੋਂ 14 ਸਾਲ ਦੇ ਬੱਚੇ ਦੇ ਸਕੂਲ ਦਾਖਲੇ ਕਰਾਉਣ ਲਈ ਵੀ ਜ਼ਰੂਰੀ ਨਹੀਂ ਹੋਵੇਗਾ ਅਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਅਤੇ ਸੀ ਬੀ ਐੱਸ ਈ (ਕੇਂਦਰੀ ਸਿੱਖਿਆ ਬੋਰਡ) ਵੀ ਇਹ ਕਾਰਡ ਨੰਬਰ ਨਹੀਂ ਮੰਗ ਸਕਣਗੇ। ਨਿੱਜੀ ਕੰਪਨੀਆਂ ਕਿਸੇ ਵੀ ਕੰਮ ਲਈ ਆਧਾਰ ਨਹੀਂ ਮੰਗ ਸਕਦੀਆਂ। ਦੂਸਰੇ ਪਾਸੇ ਆਮਦਨ ਟੈਕਸ ਭਰਨ ਤੇ ਸਰਕਾਰ ਦੀ ਹਰ ਲਾਭਕਾਰੀ ਸਕੀਮ ਤੇ ਸਬਸਿਡੀ ਦੇ ਲਾਭ ਲੈਣ ਲਈ ਜ਼ਰੂਰੀ ਹੋਵੇਗਾ। ਆਧਾਰ ਕਾਰਡ ਭਾਰਤ ਦੇ ਨਾਗਰਿਕਾਂ ਦੇ ਪਛਾਣ ਪੱਤਰ ਵਜੋਂ ਸਰਟੀਫਾਈਡ ਹੋਵੇਗਾ ਤੇ ਇਨਕਮ ਟੈਕਸ ਲਈ ਪੈਨ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਵਾਉਣ ਲਾਜ਼ਮੀ ਹੋਵੇਗਾ ।

ਅਦਾਲਤ ਦੇ ਇਸ ਬੈਂਚ ਵੱਲੋਂ ਸੁਪਰੀਮ ਕੋਰਟ ਦਾ ਇਹ ਫੈਸਲਾ ਪੜ੍ਹਦਿਆਂ ਜਸਟਿਸ ਏ ਕੇ ਸੀਕਰੀ ਨੇ ਕਿਹਾ ਕਿ ਆਧਾਰ ਕਾਰਡ ਨੰਬਰ ਨੇ ਸਮਾਜ ਤੋਂ ਵਿੱਛੜੇ ਵਰਗਾਂ ਨੂੰ ਅਧਿਕਾਰ ਦਿੱਤਾ ਅਤੇ ਉਨ੍ਹਾਂ ਨੂੰ ਪਛਾਣ ਦਿੱਤੀ ਹੈ। ਉਨ੍ਹਾ ਨੇ ਕਿਹਾ ਕਿ ਇਹ ਉੱਚ ਪੱਧਰ ’ਤੇ ਤੈਅ ਹੋਣਾ ਚਾਹੀਦਾ ਹੈ ਕਿ ਕਿਸੇ ਜਾਣਕਾਰੀ ਨੂੰ ਜਾਰੀ ਕਰਨਾ ਦੇਸ਼ ਦੇ ਹਿੱਤ ਵਿੱਚ ਹੈ ਜਾਂ ਨਹੀਂ, ਪਰ ਫੈਸਲਾ ਲੈਣ ਵਿਚ ਹਾਈ ਕੋਰਟ ਦੇ ਜੱਜ ਦੀ ਭੂਮਿਕਾ ਹੋਵੇ। ਅਦਾਲਤ ਨੇ ਕਿਹਾ ਕਿ ਆਧਾਰ ਨੰਬਰ ਇਕ ਹੱਦ ਤੱਕ ਪ੍ਰਾਈਵੇਸੀ ਵਿਚ ਦਖਲ ਅੰਦਾਜ਼ੀ ਕਰਦਾ ਹੈ, ਪਰ ਜ਼ਰੂਰਤ ਵੀ ਦੇਖਣੀ ਚਾਹੀਦੀ ਹੈ। ਬੈਂਚ ਨੇ ਕਿਹਾ ਕਿ ਸਾਨੂੰ ਲੱਗਦਾ ਹੈ ਕਿ ਬਾਇਓਮੈਟਰਿਕ ਸੁਰੱਖਿਆ ਦਾ ਪੱਕਾ ਪ੍ਰਬੰਧ ਹੈ, ਕਿਸੇ ਵੀ ਵਿਅਕਤੀ ਦਾ ਡਾਟਾ ਰਿਲੀਜ਼ ਕਰਨ ਤੋਂ ਪਹਿਲਾਂ ਉਸ ਨੂੰ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ...ਬਾਕੀ ਪੰਨਾ 6 ’ਤੇ

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME, AUTO, BUSINESS, TRUCKING, R.E.S.P, COMMERCIAL
CONNEX
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

# ਕੇਨੀ ਦੇ ਭਾਰਤ ਦੌਰੇ ਦੀ ਐਥਿਕਸ ਕਮਿਸ਼ਨਰ ਤੋਂ ਜਾਂਚ ਕਰਵਾਉਣ ਦੀ ਅਲਬਰਟਾ ਐਨਡੀਪੀ ਨੇ ਕੀਤੀ ਮੰਗ



ਐਡਮੰਟਨ, 26 ਸਤੰਬਰ (ਪੋਸਟ ਬਿਊਰੋ) : ਅਲਬਰਟਾ ਐਨਡੀਪੀ ਕਾਕਸ ਵੱਲੋਂ ਐਥਿਕਸ ਕਮਿਸ਼ਨਰ ਤੋਂ ਵਿਰੋਧੀ ਧਿਰ ਦੇ ਆਗੂ ਜੇਸਨ ਕੇਨੀ ਵੱਲੋਂ ਪਿਛਲੇ ਹਫਤੇ ਕੀਤੇ ਗਏ ਭਾਰਤ ਦੌਰੇ ਦੀ ਜਾਂਚ ਦੀ ਮੰਗ ਕੀਤੀ ਗਈ ਹੈ। ਇਸ ਦੌਰਾਨ ਕੇਨੀ, ਯੂਨਾਈਟਿਡ ਕੰਜ਼ਰਵੇਟਿਵ ਐਨਰਜੀ ਕ੍ਰਿਟਿਕ ਪ੍ਰਸਾਦ ਪਾਂਡਾ ਤੇ ਟਰੇਡ ਕ੍ਰਿਟਿਕ ਡੈਵਿਨ ਡਰੀਸਨ ਵੱਲੋਂ ਭਾਰਤ ਦੇ ਪੱਛਮੀ ਤੱਟ ਉੱਤੇ ਸਥਿਤ ਜਾਮਨਗਰ ਆਇਲ ਰਿਫਾਇਨਰੀ ਦਾ ਦੌਰਾ ਕੀਤਾ ਗਿਆ। ਕੇਨੀ ਰਿਲਾਇੰਸ ਇੰਡਸਟਰੀ ਦੀ ਮਲਕੀਅਤ ਵਾਲੀ ਇਸ ਰਿਫਾਇਨਰੀ ਤੋਂ ਕਾਫੀ ਪ੍ਰਭਾਵਿਤ ਹੋਏ ਤੇ ਉਹ ਇਸ ਬਾਰੇ ਗੱਲਾਂ ਵੀ ਕਰ ਰਹੇ ਹਨ ਤੇ ਕੰਪਨੀ ਵੱਲੋਂ ਕੈਨੇਡਾ ਨਾਲ ਕਾਰੋਬਾਰ ਕਰਨ ਦੀ ਚਰਚਾ ਵੀ ਕਰ ਚੁੱਕੇ ਹਨ। ...ਬਾਕੀ ਪੰਨਾ 6 ’ਤੇ

# ਫਰੈਂਚ ਰਾਸ਼ਟਰਪਤੀ ਨੇ ਰਾਫੇਲ ਡੀਲ ਬਾਰੇ ਪੱਲਾ ਝਾੜਿਆ

## * ਸਮਝੌਤੇ ਉੱਤੇ ਦਸਤਖ਼ਤ ਕਰਨ ਸਮੇਂ ਮੈਂ ਸੱਤਾ ਵਿੱਚ ਨਹੀਂ ਸੀ : ਮੈਕਰਾਂ

ਪੈਰਿਸ, 26 ਸਤੰਬਰ, (ਪੋਸਟ ਬਿਊਰੋ)- ਫ਼ਰਾਂਸ ਦੇ ਰਾਸ਼ਟਰਪਤੀ ਇਮਾਨੁਏਲ ਮੈਕਰਾਂ ਨੇ ਭਾਰਤ ਅਤੇ ਫਰਾਂਸ ਵਿਚਾਲੇ ਹੋਏ ਰਾਫੇਲ ਹਵਾਈ ਜਹਾਜ਼ ਸਮਝੌਤੇ ਉੱਤੇ ਬੁੱਧਵਾਰ ਨੂੰ ਆਪਣਾ ਪੱਲਾ ਝਾੜ ਲਿਆ ਹੈ। ਉਨ੍ਹਾਂ ਕਿਹਾ ਕਿ ਇਹ ਦੋ ਦੇਸ਼ਾਂ ਦਾ ਸੌਦਾ ਹੈ, ਪਰ ਇਸ ਦੇ ਨਾਲ ਹੀ ਰਾਸ਼ਟਰਪਤੀ ਮੈਕਰਾਂ ਨੇ ਸਮਝੌਤੇ ਦੇ ਸਖਤ ਨਿਯਮਾਂ ਦੇ ਪਾਲਣ ਦੀ ਵਚਨਬੱਧਤਾ ਵੀ ਜਤਾਈ ਹੈ। ਫਿਰ ਵੀ ਰਾਸ਼ਟਰਪਤੀ ਮੈਕਰਾਂ ਨੇ ਸਾਫ਼ ਕਿਹਾ ਕਿ ਜਦੋਂ ਦੋਵਾਂ ਦੇਸ਼ਾਂ ਵੱਲੋਂ ਇਸ 36 ਜਹਾਜ਼ਾਂ ਦੇ ਸਮਝੌਤੇ ’ਤੇ ਦਸਤਖ਼ਤ ਕੀਤੇ ਗਏ ਸਨ, ਓਦੋਂ ਉਹ ਸੱਤਾ ਵਿਚ ਨਹੀਂ ਸਨ। ...ਬਾਕੀ ਪੰਨਾ 6 ’ਤੇ



Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axael Insurance Brokers Ltd.

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

ਕੀ ਤੁਸੀ ਕਿਰੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca ksgpestcontrol@gmail.com
Amarjeet Singh Gill Certified & Licensed Exterminator
647.990.3205

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre
Avon Financial Inc. Brokerage Lic 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes, Bed Bugs, Spider, Beetle & Cockroaches Control
SAME DAY SERVICE & 100% SATISFACTION GUARANTEED
Discount For Seniors Single Mothers & Students
CALL FOR FREE ESTIMATES : 647-515-8000 ਅਸੀਂ ਪੰਜਾਬੀ ਬੋਲਦੇ ਹਾਂ

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

INSURANCE
Life / Disability / Critical Illness
Super Visa / Visitor / Travel / RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke


FREE Examination
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Royal Pest Control
Residential Commercial Industrial
Specialist in Bedbugs Service
All Pest Control
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

KELLEY LAW OFFICE
AREA OF PRACTICE
Immigration, Real Estate, Family Law, Business Closing, Corporate, Wills & Estate, Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755 www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com www.aristopestcontrol.com


Ride Ontario's
Heritage Railway
SPECIAL RIDES
FALL COLOURS TOURS
SOUTH SIMCOE
RAILWAY
ONTARIO'S FIRST STEAM HERITAGE RAILWAY
Sept 29 & 30th,
October 6, 7, 8, October 13 & 14
ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ
ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ
Ask about on-board Birthday Parties!
ਇਥੇ ਮਨਮੋਹਣੇ ਪਾਰਕਾਂ ਵਿੱਚ ਪਿਕਨਿਕ ਦਾ ਨਜ਼ਾਰਾ ਲੈਣ ਲਈ Visit ਕਰੋ: www.tottenhamconservation.com
For complete information, fares & schedules, please visit southsimcoerailway.ca
GPS 44 . 01 . 19 N
79 . 48 . 27 W
or call 905.936.5815
VISA
MasterCard
Interac


chatr MOBILE
NOW GET
4GB 4.5GB DATA
ON OUR $40/MO. PLAN
AUTO-PAY BONUS
LET'S GET GOING
CHATRMOBILE.COM
VISIT OUR LOCATION TODAY!
379 MAIN ST. N., BRAMPTON,
(905) 451-0379
2456 LAKE SHORE BLVD W.,
(416) 259-3654
chatr AUTHORIZED DEALER
Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਧੜਾ-ਧੜ ਅਦਾਲਤ ਫਿਰ ਹੁਕਮ ਕਰਕੇ,
ਕੇਸ ਚਾੜ੍ਹ ਲਏ ਅੱਜ ਕਈ ਸਿਰੇ ਮੀਆਂ।
ਆਧਾਰ ਕਾਰਡ ਦੀ ਗੰਢ ਨਾ ਖੁੱਲ੍ਹਦੀ ਸੀ,
ਪਏ ਸੀ ਲੋਕ ਬੇ-ਵਜ੍ਹਾ ਹੀ ਘਿਰੇ ਮੀਆਂ।
ਦਲਿਤ ਕੇਸਾਂ ਦਾ ਇੱਕ ਆ ਹੁਕਮ ਕੀਤਾ,
ਜਿਸ ਦੇ ਹੋ ਕੇ ਹੁਕਮ ਕਈ ਫਿਰੇ ਮੀਆਂ।
ਸਿਰੇ ਕੇਸ ਲਾਇਆ ਦਾਗੀ ਆਗੂਆਂ ਦਾ,
ਜਿਹੜੇ ਕਈ ਕਿਰਦਾਰ ਤੋਂ ਗਿਰੇ ਮੀਆਂ।
ਕਾਰਜ ਜਿਹੜੇ ਸਰਕਾਰਾਂ ਦੇ ਕਰਨ ਵਾਲੇ,
ਇਹ ਵੀ ਜੱਜਾਂ ਦੇ ਸਾਹਮਣੇ ਜਾਣ ਮੀਆਂ।
ਰਹਿੰਦਾ ਕੰਮ ਫਿਰ ਇੱਕੋ ਹੀ ਲੀਡਰਾਂ ਦਾ,
ਜੀਹਨੂੰ ਕਹਿੰਦੇ ਨੇ ਪੀਣ ਜਾਂ ਖਾਣ ਮੀਆਂ।

**ਤੀਸ ਮਾਰ ਖਾਂ**

# ਕੌਮਾਂਤਰੀ ਵਿਦਿਆਰਥੀਆਂ ਦੀ ਮਦਦ ਲਈ ਡਬਲਯੂਐਸਓ ਵੱਲੋਂ ਕੈਨੇਡਾ ਭਰ ਵਿੱਚ ਕੀਤੀਆਂ ਜਾ ਰਹੀਆਂ ਹਨ ਓਰੀਐਂਟੇਸ਼ਨਜ਼



ਓਟਵਾ, 26 ਸਤੰਬਰ (ਪੋਸਟ ਬਿਊਰੋ) : ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਵੱਲੋਂ ਕੈਨੇਡਾ ਦੇ ਸ਼ਹਿਰਾਂ ਜਿਵੇਂ ਕਿ ਮਾਂਟਰੀਅਲ, ਓਟਵਾ, ਬਰੈਂਪਟਨ, ਵਿੰਡਸਰ, ਵਿਨੀਪੈਗ ਤੇ ਸਰ੍ਹੀ ਵਿੱਚ ਕੌਮਾਂਤਰੀ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਸੈਸ਼ਨਜ਼ ਕਰਵਾਏ ਜਾ ਰਹੇ ਹਨ।

ਕੈਨੇਡਾ ਵੱਲੋਂ ਇਸ ਵਾਰੀ 500,000 ਕੌਮਾਂਤਰੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਗਿਆ ਹੈ ਜਿਹੜੇ ਦੇਸ਼ ਭਰ ਦੀਆਂ ਵੱਖ ਵੱਖ ਵਿੱਦਿਅਕ ਸੰਸਥਾਵਾਂ ਵਿੱਚ ਸਿੱਖਿਆ ਹਾਸਲ ਕਰ ਰਹੇ ਹਨ। ਕੈਨੇਡਾ ਪਹੁੰਚਣ ਵਾਲੇ ਸਾਰੇ ਕੌਮਾਂਤਰੀ ਵਿਦਿਆਰਥੀਆਂ ਵਿੱਚੋਂ 25 ਫੀ ਸਦੀ ਇੱਕਲੇ ਭਾਰਤ ਤੋਂ ਆਉਂਦੇ ਹਨ। ਇਨ੍ਹਾਂ ਵਿੱਚੋਂ ਵੀ ਵੱਡੀ ਗਿਣਤੀ ਵਿਦਿਆਰਥੀ ਪੰਜਾਬ ਨਾਲ ਸਬੰਧਤ ਹੁੰਦੇ ਹਨ।

ਕੌਮਾਂਤਰੀ ਵਿਦਿਆਰਥੀ ਕੈਨੇਡੀਅਨ ਅਰਥਚਾਰੇ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। 2016 ਵਿੱਚ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਕੈਨੇਡਾ ਦੇ ਕੁੱਲ ਘਰੇਲੂ ਉਤਪਾਦ ਵਿੱਚ 12.8 ਬਿਲੀਅਨ ਡਾਲਰ ਦਾ ਯੋਗਦਾਨ ਪਾਇਆ ਗਿਆ ਸੀ ਤੇ ਇਸ ਦੇ ਨਾਲ ਹੀ ਅਜਿਹੇ ਵਿਦਿਆਰਥੀਆਂ ਨੇ 168,860 ਰੋਜ਼ਗਾਰ ਦੇ ਮੌਕੇ ਹਾਸਲ ਕਰਕੇ ਤੇ ਸਾਲਾਨਾ ਖਰਚ ਰਾਹੀਂ ਵੀ ਯੋਗਦਾਨ ਪਾਇਆ। ਡਬਲਿਊਐਸਓ ਨੇ ਕਾਲਜਾਂ ਤੇ ਕੌਮਾਂਤਰੀ ਵਿਦਿਆਰਥੀਆਂ ਦੀਆਂ ਨੁਮਾਇੰਦਾ ਸੰਸਥਾਵਾਂ ਦੇ ਸਹਿਯੋਗ ਨਾਲ ਕੌਮਾਂਤਰੀ ਵਿਦਿਆਰਥੀਆਂ ਤੇ ਲੋਕਲ ਕਮਿਊਨਿਟੀਜ਼ ਨੂੰ ਦਰਪੇਸ਼ ਚੁਣੌਤੀਆਂ ਦਾ ਹੱਲ ਕਰਨ ਦਾ ਬੀੜਾ ਚੁੱਕਿਆ ਤੇ ਨਤੀਜਤਨ ਡਬਲਿਊਐਸਓ ਵੱਲੋਂ ਕੈਨੇਡਾ ਭਰ ਵਿੱਚ ਕੰਸਲਟੇਸ਼ਨ ਤੇ ਓਰੀਐਂਟੇਸ਼ਨਜ਼ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ।

ਡਬਲਿਊਐਸਓ ਦੇ ਓਰੀਐਂਟੇਸ਼ਨ ਸੈਸ਼ਨਜ਼ ਵਿੱਚ ਅਧਿਕਾਰਾਂ ਬਾਰੇ ਜਾਣਕਾਰੀ ਤੇ ਕੰਮ ਵਾਲੀ ਥਾਂ ਦੀਆਂ ਜ਼ਿੰਮੇਵਾਰੀਆਂ, ਸਕੂਲਾਂ ਤੇ ਕੈਨੇਡੀਅਨ ਸੁਸਾਇਟੀ ਦੀਆਂ ਜ਼ਿੰਮੇਵਾਰੀਆਂ ਨੂੰ ਮੁੱਖ ਰੱਖਿਆ ਜਾਂਦਾ ਹੈ। ਇਸ ਦੇ ਨਾਲ ਹੀ ਇਮੀਗ੍ਰੇਸ਼ਨ ਨਾਲ ਸਬੰਧਤ ਜਿਹੜੀਆਂ ਵੀ ਦਿੱਕਤਾਂ ਵਿਦਿਆਰਥੀਆਂ ਦੇ ਸਾਹਮਣੇ ਆਉਂਦੀਆਂ ਹਨ ਉਨ੍ਹਾਂ ਬਾਰੇ ਤੇ ਕੈਨੇਡਾ ਵਿੱਚ ਜ਼ਿੰਦਗੀ ਨਾਲ ਤਾਲਮੇਲ ਬਿਠਾਉਣ ਦੇ ਸਬੰਧ ਵਿੱਚ ਉਨ੍ਹਾਂ ਨੂੰ ਜਾਣਕਾਰੀ ਦੇ ਨਾਲ ਨਾਲ ਸਲਾਹ ਵੀ ਦਿੱਤੀ ਜਾਂਦੀ ਹੈ। ਡਬਲਿਊਐਸਓ ਸਿਹਤ ਤੇ ਸਮਾਜਕ ਮੁੱਦਿਆਂ ਲਈ ਵੀ ਮਦਦ ਮੁਹੱਈਆ ਕਰਵਾਉਂਦੀ ਹੈ। ਇਸ ਦੇ ਨਾਲ ਹੀ ਡਬਲਿਊਐਸਓ ਵੱਲੋਂ ਸਿੱਖ ਫੈਮਿਲੀ ਹੈਲਪਲਾਈਨ ਰਾਹੀਂ ਵਿਸ਼ੇਸ਼ ਸਹਿਯੋਗ ਦਿੱਤਾ ਜਾਂਦਾ ਹੈ।

ਡਬਲਿਊਐਸਓ ਦੇ ਪ੍ਰੈਜ਼ੀਡੈਂਟ ਮੁਖਬੀਰ ਸਿੰਘ ਨੇ ਆਖਿਆ ਕਿ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਕੈਨੇਡਾ ਵਿੱਚ ਅਹਿਮ ਯੋਗਦਾਨ ਪਾਇਆ ਜਾਂਦਾ ਹੈ ਤੇ ਸਿੱਖ ਕਮਿਊਨਿਟੀ ਹੋਣ ਨਾਤੇ ਅਸੀਂ ਇਹ ਵੇਖਿਆ ਹੈ ਕਿ ਵੱਡੀ ਗਿਣਤੀ ਵਿਦਿਆਰਥੀ ਪੰਜਾਬ ਤੋਂ ਇੱਧਰ ਪੜ੍ਹਨ ਲਈ ਆਉਂਦੇ ਹਨ। ਵਿਦਿਆਰਥੀਆਂ, ਸਟੇਕਹੋਲਡਰਜ਼ ਤੇ ਹੋਰਨਾਂ ਕੌਮਾਂਤਰੀ ਵਿਦਿਆਰਥੀਆਂ ਨਾਲ ਰਾਬਤਾ ਕਾਇਮ ਕਰਕੇ ਸਾਨੂੰ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਇਨ੍ਹਾਂ ਕੌਮਾਂਤਰੀ ਵਿਦਿਆਰਥੀਆਂ ਨੂੰ ਕਿਫਾਇਤੀ ਰਿਹਾਇਸ਼, ਰੋਜ਼ਗਾਰ ਤੇ ਸਮਾਜਕ ਸਪੋਰਟ ਲਈ ਸਹੀ ਸਹਿਯੋਗ ਨਹੀਂ ਮਿਲਦਾ। ਇਨ੍ਹਾਂ ਵਿੱਚੋਂ ਬਹੁਤੇ ਵਿਦਿਆਰਥੀਆਂ ਨੇ ਪਹਿਲੀ ਵਾਰੀ ਘਰ ਛੱਡਿਆ ਹੁੰਦਾ ਹੈ ਤੇ ਇਹ ਉਨ੍ਹਾਂ ਲਈ ਇਸ ਲਈ ਵੀ ਮੁਸ਼ਕਲ ਹੁੰਦਾ ਹੈ ਕਿਉਂਕਿ ਉਹ ਨਵੇਂ ਦੇਸ਼ ਵਿੱਚ ਆਉਂਦੇ ਹਨ। ਅਜਿਹੇ ਵਿਦਿਆਰਥੀਆਂ ਲਈ ਸਾਡੇ ਓਰੀਐਂਟੇਸ਼ਨ ਸੈਸ਼ਨ ਕਾਫੀ ਕਾਰਗਰ ਰਹਿੰਦੇ ਹਨ। ਕੈਨੇਡਾ ਭਰ ਦੇ ਸ਼ਹਿਰਾਂ ਵਿੱਚ ਵਿਦਿਆਰਥੀਆਂ ਵੱਲੋਂ ਅਜਿਹੇ ਸੈਸ਼ਨਜ਼ ਨੂੰ ਬਹੁਤ ਪਸੰਦ ਕੀਤਾ ਜਾ ਰਿਹਾ ਹੈ ਤੇ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ।

# ਕਮਿਊਨਿਟੀ ਸੇਫਟੀ ਮੇਰੀ ਪਹਿਲ ਰਹੇਗੀ : ਗੁਰਪ੍ਰੀਤ ਬੈਂਸ



ਬਰੈਂਪਟਨ ਪੋਸਟ ਬਿਉਰੋ: ਬਰੈਂਪਟਨ ਵਿੱਚ ਵਾਰਡ ਨੰਬਰ 2 ਅਤੇ 6 ਤੋਂ ਰੀਜਨਲ ਕਾਉਂਸਲਰ ਉਮੀਦਵਾਰ ਗੁਰਪ੍ਰੀਤ ਬੈਂਸ ਨੇ ਇੱਕ ਪਰੈੱਸ ਰੀਲੀਜ਼ ਵਿੱਚ ਕਿਹਾ ਹੈ ਕਿ ਕਮਿਉਨਿਟੀ ਸੇਫਟੀ ਉਸਦੇ ਪਲੇਟਫਾਰਮ ਦਾ ਮੁੱਖ ਧੁਰਾ ਹੈ। ਉਸਨੇ ਕਿਹਾ ਕਿ ਜੁਰਮ ਦੀ ਰੋਕਥਾਮ ਅਤੇ ਹਿੰਸਾ ਨੂੰ ਘੱਟ ਕਰਨ ਲਈ ਕੰਮ ਕਰਨਾ ਉਸਦੀ ਮੁੱਖ ਪਹਿਲ ਰਹੇਗੀ।

ਕਮਿਉਨਿਟੀ ਸੇਫਟੀ ਨੂੰ ਯਕੀਨੀ ਬਣਾਉਣ ਦੇ ਆਪਣੇ ਮੰਤਵ ਦੀ ਪੂਰਤੀ ਲਈ ਗੁਰਪ੍ਰੀਤ ਨੇ ਕਈ ਯੋਜਨਾਵਾਂ ਉਲੀਕੀਆਂ ਹਨ ਜਿਹਨਾਂ ਨੂੰ ਜਿੱਤ ਜਾਣ ਦੀ ਸੂਰਤ ਵਿੱਚ ਉਹ ਲਾਗੂ ਕਰਨ ਲਈ ਕੰਮ ਕਰਨਾ ਚਾਹੇਗੀ। ਇਹਨਾਂ ਵਿੱਚ ਬਰੈਂਪਟਨ ਦੇ ਫਾਇਰ ਅਤੇ ਐਮਰਜੰਸੀ ਵਿਭਾਗ ਨਾਲ ਮਿਲ ਕੇ ਕੰਮ ਕਰਨਾ, ਪੀਲ ਰੀਜਨਲ ਪੁਲੀਸ ਲਈ ਇੱਕ ਅਜਿਹੇ ਫਰੇਮਵਰਕ ਨੂੰ ਖੜਾ ਕਰਨਾ ਜਿਸ ਨਾਲ ਵੱਧ ਰਹੇ ਜੁਰਮ ਅਤੇ ਹਿੰਸਾ ਉੱਤੇ ਕਾਬੂ ਪਾਇਆ ਜਾ ਸਕੇ। ਯੂਥ ਕੇਂਦਰਿਤ ਪ੍ਰੋਗਰਾਮਾਂ ਨੂੰ ਅਮਲ ਵਿੱਚ ਲਿਆਉਣਾ ਅਤੇ ਮੌਜੂਦਾ ਪ੍ਰੋਗਰਾਮਾਂ ਨੂੰ ਭੱਵਿਖਮੁਖੀ ਬਣਾਉਣਾ ਵੀ ਉਸਦੀ ਰਣਨੀਤੀ ਦਾ ਹਿੱਸਾ ਰਹੇਗਾ।

# ਪੁਲਿਸ ਵੱਲੋਂ ਕੀਤੀ ਛਾਪੇਮਾਰੀ ਵਿੱਚ ਕੋਕੀਨ ਤੇ ਹੈਂਡਗੰਨ ਬਰਾਮਦ, ਤਿੰਨ ਵਿਅਕਤੀ ਗ੍ਰਿਫਤਾਰ



ਬਰੈਂਪਟਨ, 26 ਸਤੰਬਰ (ਪੋਸਟ ਬਿਊਰੋ) : ਬਰੈਂਪਟਨ ਦੇ ਪੂਰਬੀ ਹਿੱਸੇ ਵਿੱਚ ਸਥਿਤ ਇੱਕ ਘਰ ਵਿੱਚ ਮਾਰੇ ਗਏ ਛਾਪੇ ਤੋਂ ਬਾਅਦ ਉੱਥੋਂ ਕ੍ਰੈਕ ਕੋਕੀਨ ਤੇ 9 ਐਮਐਮ ਦੀ ਹੈਂਡਗੰਨ ਬਰਾਮਦ ਹੋਈ। ਇਸ ਦੌਰਾਨ ਤਿੰਨ ਵਿਅਕਤੀਆਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਇਹ ਜਾਣਕਾਰੀ ਪੀਲ ਰੀਜਨਲ ਪੁਲਿਸ ਵੱਲੋਂ ਦਿੱਤੀ ਗਈ। ਪੀਲ ਦੀ ਵਾਈਸ/ਨਾਰਕੋਟਿਕਸ ਸਟਰੀਟ ਲੈਵਲ ਆਰਗੇਨਾਈਜ਼ਡ ਕ੍ਰਾਈਮ ਯੂਨਿਅਨ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਨਸ਼ਿਆਂ ਦੀ ਸਮਗਲਿੰਗ ਦੀ ਜਾਂਚ ਦਾ ਕੰਮ ਸ਼ੁਰੂ ਕੀਤਾ ਸੀ। ਇਸ ਜਾਂਚ ਤਹਿਤ ਹੀ ਸੀਚਾਰਟ ਤੇ ਮੈਸੀ ਫੀਲਡ ਸਟਰੀਟ ਇਲਾਕੇ ਵਿੱਚ ਸਰਚ ਵਾਰੰਟ ਕਢਵਾ ਕੇ ਇੱਕ ਘਰ ਦੀ ਤਲਾਸ਼ੀ ਲਈ ਗਈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਘਰ ਵਿੱਚੋਂ ਕ੍ਰੈਕ ਕੋਕੀਨ ਮਿਲੀ ਜਿਸ ਦੀ ਬਾਜ਼ਾਰੀ ਕੀਮਤ 33,000 ਡਾਲਰ ਹੈ, ਇਸ ਦੇ ਨਾਲ ਹੀ ਪੁਲਿਸ ਨੂੰ ਇੱਥੋਂ 9 ਐਮਐਮ ਦੀ ਹੈਂਡਗੰਨ ਮਿਲੀ। ਇਸ ਦੌਰਾਨ ਬਰੈਂਪਟਨ ਵਾਸੀ 47 ਸਾਲਾ ਐਲਵਿਨ ਬੈਰਨ ਤੇ 45 ਸਾਲਾ ਮਾਈਕਲ ਬਰਜੀਅਸ ਨੂੰ ਨਸ਼ੀਲੇ ਪਦਾਰਥ ਰੱਖਣ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਬਰੈਂਪਟਨ ਦੇ ਹੀ 25 ਸਾਲਾ ਸ਼ਕੀਲ ਬਾਰਟਲੇ ਹੈਰਿਸ ਨੂੰ ਹਥਿਆਰ ਰੱਖਣ ਤੇ ਨਸ਼ਿਆਂ ਨਾਲ ਸਬੰਧਤ ਹੋਰ ਜੁਰਮਾਂ ਤਹਿਤ ਚਾਰਜ ਕੀਤਾ ਗਿਆ।

# ਸੁਪਰੀਮ ਕੋਰਟ ਦੇ ਫੈਸਲੇ ਨਾਲ ਤਰੱਕੀ ’ਚ ਰਾਖਵਾਂਕਰਨ ਦਾ ਰਾਹ ਆਸਾਨ

### * ਕਰੀਮੀ ਲੇਅਰ ਦਾ ਸਿਧਾਂਤ ਵੀ ਲਾਗੂ ਕਰਨ ਨੂੰ ਕਿਹਾ

ਨਵੀਂ ਦਿੱਲੀ, 26 ਸਤੰਬਰ, (ਪੋਸਟ ਬਿਊਰੋ)- ਐੱਸ ਸੀ/ ਐੱਸ ਟੀ (ਸ਼ਡਿਊਲਡ ਕਾਸਟ/ ਸ਼ਡਿਊਲਡ ਟਰਾਈਬ) ਲਈ ਨੌਕਰੀ ਦੌਰਾਨ ਤਰੱਕੀਆਂ ਵਿੱਚ ਰਾਖਵਾਂਕਰਨ ਦੇਣ ਦੇ ਕੇਸ ਵਿੱਚ ਸਰਕਾਰ ਨੂੰ ਖੁੱਲ੍ਹੀ ਛੋਟ ਮਿਲ ਗਈ ਹੈ, ਪਰ ਨਾਲ ਐੱਸ ਸੀ/ ਐੱਸ ਟੀ ਨੂੰ ਤਰੱਕੀ ’ਚ ਰਾਖਵਾਂਕਰਨ ਵਿੱਚ ਕਰੀਮੀ ਲੇਅਰ ਦਾ ਸਿਧਾਂਤ ਵੀ ਲਾਗੂ ਹੋਵੇਗਾ।

ਅੱਜ ਬੁੱਧਵਾਰ ਨੂੰ ਸੁਪਰੀਮ ਕੋਰਟ ਨੇ ਇਸ ਦਾ ਫ਼ੈਸਲਾ ਸੁਣਾਉਂਦੇ ਹੋਏ ਰਾਖਵਾਂਕਰਨ ਦੇਣ ਤੋਂ ਪਹਿਲਾਂ ਪੱਛੜੇਪਣ ਦੇ ਅੰਕੜੇ ਇਕੱਠੇ ਕਰਨ ਦੀ ਸ਼ਰਤ ਰੱਦ ਕਰ ਦਿੱਤੀ ਹੈ। ਕੋਰਟ ਨੇ 2006 ਦੇ ਇੱਕ ਫ਼ੈਸਲੇ ਦੇ ਬਾਕੀ ਹਿੱਸੇ ਨੂੰ ਮਾਨਤਾ ਦੇਂਦੇ ਹੋਏ ਕਿਹਾ ਕਿ ਉਸ ਪੁਰਾਣੇ ਫ਼ੈਸਲੇ ਨੂੰ ਸੱਤ ਜੱਜਾਂ ਦੇ ਬੈਂਚ ਨੂੰ ਰੀਵਿਊ ਲਈ ਭੇਜਣ ਦੀ ਲੋੜ ਨਹੀਂ। ਕੋਰਟ ਨੇ ਇਹ ਵੀ ਕਿਹਾ ਕਿ ਉਹ ਪੁਰਾਣੇ ਨਾਗਰਾਜ ਕੇਸ ਦੇ ਫ਼ੈਸਲੇ ਵਿੱਚ ਕਰੀਮੀ ਲੇਅਰ ਦਾ ਸਿਧਾਂਤ ਲਾਗੂ ਕਰਨ ਵਾਲੀ ਵਿਵਸਥਾ ਦੇ ਵਿੱਚ ਦਖਲ ਦੇਣ ਦੀ ਚਾਹਵਾਨ ਨਹੀਂ। ਇਸ ਦਾ ਅਰਥ ਹੈ ਕਿ ਕੋਰਟ ਨੇ ਐੱਸ ਸੀ/ ਐੱਸ ਟੀ ਵਿੱਚ ਕਰੀਮੀ ਲੇਅਰ ਵਾਲਾ ਸਿਧਾਂਤ ਲਾਗੂ ਕਰਨ ਉੱਤੇ ਆਪਣੀ ਮੋਹਰ ਲਾ ਦਿੱਤੀ ਹੈ। ਕੋਰਟ ਨੇ ਕਿਹਾ ਕਿ ਹਰ ਤਰੱਕੀ ਤੋਂ ਪਹਿਲਾਂ ਸਰਕਾਰ ਨੂੰ ਉਸ ਵਿਭਾਗ ਵਿੱਚ ਐੱਸ ਸੀ/ ਐੱਸ ਟੀ ਦੀ ਨੁਮਾਇੰਦਗੀ ਕਾਫੀ ਨਾ ਹੋਣ ਅਤੇ ਯੋਗਤਾ ਦਾ ਧਿਆਨ ਰੱਖਣਾ ਹੋਵੇਗਾ।

ਇਸ ਫ਼ੈਸਲੇ ਨਾਲ ਐੱਸ ਸੀ/ ਐੱਸ ਟੀ ਨੂੰ ਤਰੱਕੀਆਂ ਵਿੱਚ ਰਾਖਵਾਂਕਰਨ ਦੇਣ ਵਿੱਚ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਦੱਸੇ ਜਾ ਰਹੇ ਅੰਕੜੇ ਇਕੱਠੇ ਕਰਨ ਦੀ ਵੱਡੀ ਰੁਕਾਵਟ ਹਟਾ ਦਿੱਤੀ ਗਈ ਤੇ ਤਰੱਕੀ ਦੇ ਰਾਹ ਖੁੱਲ੍ਹ ਗਏ ਹਨ। ਇਹ ਮਹੱਤਵ ਪੂਰਨ ਫ਼ੈਸਲਾ ਅੱਜ ਚੀਫ ਜਸਟਿਸ ਦੀਪਕ ਮਿਸ਼ਰਾ, ਜਸਟਿਸ ਕੁਰੀਅਨ ਜੋਸਫ਼, ਜਸਟਿਸ ਆਰ ਐੱਫ ਨਰੀਮਨ, ਜਸਟਿਸ ਐੱਸ ਕੇ ਕੌਲ ਅਤੇ ਜਸਟਿਸ ਇੰਦੂ ਮਲਹੋਤਰਾ ਦੇ ਬੈਂਚ ਨੇ ਸੁਣਾਇਆ ਹੈ। ਸਾਲ 2006 ਵਿੱਚ ਐਮ ਨਾਗਰਾਜ ਕੇਸ ਦੇ ਫ਼ੈਸਲੇ ਵਿੱਚ ਪੰਜ ਜੱਜਾਂ ਦੇ ਬੈਂਚ ਨੇ ਐੱਸ ਸੀ/ ਐੱਸ ਟੀ ਨੂੰ ਤਰੱਕੀ ਵਿੱਚ ਰਾਖਵਾਂਕਰਨ ਅਤੇ ਉਸ ਦੇ ਨਾਲ ਹੀ ਸੀਨੀਆਰਟੀ ਦੇਣ ਦੇ ਕਾਨੂੰਨ ਨੂੰ ਸੰਵਿਧਾਨਕ ਮੰਨਦੇ ਹੋਏ ਸ਼ਰਤ ਲਾਈ ਸੀ ਕਿ ਤਰੱਕੀ ਵਿੱਚ ਰਾਖਵਾਂਕਰਨ ਤੋਂ ਪਹਿਲਾਂ ਪੱਛੜੇਪਣ ਅਤੇ ਨਾਕਾਫ਼ੀ ਨੁਮਾਇੰਦਗੀ ਦੇ ਅੰਕੜੇ ਇਕੱਠੇ ਕਰਨੇ ਪੈਣਗੇ। ਉਸ ਫ਼ੈਸਲੇ ਵਿੱਚ ਕੋਰਟ ਨੇ ਇਹ ਵੀ ਕਿਹਾ ਸੀ ਕਿ ਰਾਖਵਾਂਕਰਨ ਦੇ ਕੇਸ ਵਿੱਚ 50 ਫ਼ੀਸਦੀ ਦੀ ਹੱਦ, ਕਰੀਮੀ ਲੇਅਰ ਸਿਧਾਂਤ, ਪੱਛੜਾਪਣ ਤੇ ਨਾਕਾਫ਼ੀ ਨੁਮਾਇੰਦਗੀ ਤੇ ਪ੍ਰਸ਼ਾਸਨਿਕ ਮੁਹਾਰਤ ਸੰਵਿਧਾਨਕ ਲੋੜਾਂ ਹਨ।

# ਭਾਰਤ ਵਿੱਚ 19 ਲਗਜ਼ਰੀ ਚੀਜ਼ਾਂ ਉੱਤੇ ਇੰਪੋਰਟ ਡਿਊਟੀ ਵਧਾਈ ਗਈ

### * ਏ ਸੀ ਅਤੇ ਫਰਿੱਜ ਵਰਗੀਆਂ ਚੀਜ਼ਾਂ ਮਹਿੰਗੀਆਂ ਹੋਣਗੀਆਂ

ਨਵੀਂ ਦਿੱਲੀ, 26 ਸਤੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਐਸ਼ੋ ਆਰਾਮ ਦੇ ਸਾਮਾਨ ਬਾਹਰੋਂ ਮੰਗਵਾਉਣ ਉੱਤੇ ਬੇਸਿਕ ਕਸਟਮ ਡਿਊਟੀ ਵਧਾਉਣ ਦਾ ਫ਼ੈਸਲਾ ਕੀਤਾ ਅਤੇ 19 ਲਗਜ਼ਰੀ ਚੀਜ਼ਾਂ ’ਤੇ ਡਿਊਟੀ ਵਧਾ ਦਿੱਤੀ ਹੈ। ਇਹ ਵਾਧਾ ਬੁੱਧਵਾਰ ਅੱਧੀ ਰਾਤ ਲਾਗੂ ਹੋ ਗਿਆ ਹੈ। ਵਿਦੇਸ਼ਾਂ ਤੋਂ ਆਉਂਦੇ ਇਹ ਸਾਮਾਨ ਅੱਗੇ ਤੋਂ ਮਹਿੰਗੇ ਹੋ ਜਾਣਗੇ। ਇਸ ਸੰਬੰਧ ਵਿੱਚ ਵਿੱਤ ਮੰਤਰਾਲੇ ਨੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਸਾਲ ਵਿੱਚ ਇਨ੍ਹਾਂ ਉਤਪਾਦਾਂ ਦਾ ਕੁਲ ਇੰਪੋਰਟ ਬਿੱਲ 86 ਹਜ਼ਾਰ ਕਰੋੜ ਰੁਪਏ ਸੀ। ਇੰਪੋਰਟ ਡਿਊਟੀ ਵਾਧੇ ਨਾਲ ਇਨ੍ਹਾਂ ਨੂੰ ਇੰਪੋਰਟ ਕਰਨਾ ਮਹਿੰਗਾ ਹੋ ਜਾਵੇਗਾ। ਜਿਨ੍ਹਾਂ ਹੋਰ ਵਸਤਾਂ ਦੀ ਇੰਪੋਰਟ ਡਿਊਟੀ ਵਧਾਈ ਗਈ ਹੈ, ਉਨ੍ਹਾਂ ਵਿੱਚ ਵਾਸ਼ਿੰਗ ਮਸ਼ੀਨ, ਸਪੀਕਰ, ਰੇਡੀਅਲ ਕਾਰ ਟਾਇਰ, ਗਹਿਣੇ, ਰਸੋਈ ਤੇ ਟੇਬਲ ਵੇਅਰ, ਕੁਝ ਪਲਾਸਟਿਕ ਦੇ ਸਾਮਾਨ ਅਤੇ ਸੂਟਕੇਸ ਸ਼ਾਮਿਲ ਹਨ। ਮੰਤਰਾਲੇ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮੁੱਢਲੀ ਕਸਟਮ ਡਿਊਟੀ ਵਧਾ ਕੇ ਨਵੇਂ ਉਪਾਅ ਕੀਤੇ ਹਨ। ਇਸ ਪਿੱਛੇ ਮਕਸਦ ਵਿਦੇਸ਼ਾਂ ਤੋਂ ਖ਼ਰੀਦੀਆਂ ਜਾ ਰਹੀਆਂ ਕੁਝ ਵਸਤਾਂ ਦੀ ਇੰਪੋਰਟ ਘਟਾਉਣਾ ਹੈ। ਇਸ ਨਾਲ ਚਾਲੂ ਖਾਤੇ ਦਾ ਘਾਟ ਰੋਕਣ ਦੀ ਮਦਦ ਮਿਲੇਗੀ। ਕੁਲ ਮਿਲਾ ਕੇ 19 ਚੀਜ਼ਾਂ ਉੱਤੇ ਇੰਪੋਰਟ ਡਿਊਟੀ ਵਧਾਈ ਹੈ। ਏ ਸੀ, ਘਰਾਂ ਦੀ ਵਰਤੋਂ ਵਾਲੇ ਰੈਫਰਿਜਰੇਟਰ ਅਤੇ ਵਾਸ਼ਿੰਗ ਮਸ਼ੀਨ (10 ਕਿਲੋ ਤੋਂ ਘੱਟ) ਉੱਤੇ ਇੰਪੋਰਟ ਡਿਊਟੀ ਦੁੱਗਣੀ ਕਰ ਕੇ ਅੱਗੇ ਤੋਂ ਇਹ 20 ਫ਼ੀਸਦੀ ਕਰ ਦਿੱਤੀ ਗਈ ਹੈ। ਕੰਪ੍ਰੈਸ਼ਰ, ਸਪੀਕਰ ਅਤੇ ਫੁੱਟਵੇਅਰ ਦੀ ਡਿਊਟੀ ਵਧਾ ਕੇ ਕਰਮਵਾਰ 10, 15 ਅਤੇ 25 ਫ਼ੀਸਦੀ ਕੀਤੀ ਗਈ ਹੈ। ਰੇਡੀਅਲ ਕਾਰ ਟਾਇਰ ਉੱਤੇ ਡਿਊਟੀ 10 ਤੋਂ 15 ਫ਼ੀਸਦੀ ਕੀਤੀ ਗਈ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

UK Truck Training Centre
Ministry Approved Private Carrier College
○ Automatic & Manual Trucks
● 1 on 1 Training
○ Forklift Training
Forklift $79 Recertification
Reach Truck
Counterbalance
“We Provide Training For Forklift & Trucks”
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ
ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

ShergGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
● ਲਿਵਰ ਸਰੋਇਸਿਸ ਫੈਟੀ ਲਿਵਰ ਹੈਪਾਟਾਇਟਸ A, B &C ਪੀਲੀਆ
● ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
● ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ, ਮਹਾਵਾਰੀ ਤੇ ਔਰਤਾਂ ਦੀਆਂ ਯੁਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
● ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ ਤੇ ਬਾਇਪਾਸ
● ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
● ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
● ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

# ਹਾਈ ਕੋਰਟ ਨੇ ਕਿਹਾ ਜੇ ਹਵਾਈ ਅੱਡਾ ਚਲਾ ਨਹੀਂ ਸਕਦੇ ਤਾਂ ਬੰਦ ਕਰ ਦਿਓ




ਚੰਡੀਗੜ੍ਹ, 26 ਸਤੰਬਰ (ਪੋਸਟ ਬਿਊਰੋ)- ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡਾ ਸਹੀ ਢੰਗ ਨਾਲ ਸ਼ੁਰੂ ਨਾ ਹੋ ਸਕਣ ਕਾਰਨ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਕਰੜੀ ਝਾੜ ਪਾਉਂਦਿਆਂ ਕਿਹਾ ਹੈ ਕਿ ਜੇ ਹਵਾਈ ਅੱਡਾ ਨਹੀਂ ਚਲਾ ਸਕਦੇ ਤਾਂ ਇਸ ਨੂੰ ਬੰਦ ਕਰ ਦਿਓ। ਹਾਈ ਕੋਰਟ ਇਸ ਬਾਰੇ ਪਹਿਲਾਂ ਵੀ ਝਾੜ ਪਾ ਚੁੱਕੀ ਹੈ। ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਅਤੇ ਜਸਟਿਸ ਅਰੁਣ ਪੱਲੀ ਦੀ ਡਬਲ ਬੈਂਚ ਨੇ ਫਟਕਾਰ ਲਾਉਂਦਿਆਂ ਕਿਹਾ ਕਿ 1400 ਕਰੋੜ ਰੁਪਏ ਖਰਚ ਕਰਨ ਪਿੱਛੋਂ ਵੀ ਹਵਾਈ ਅੱਡਾ ਸਹੀ ਢੰਗ ਨਾਲ ਨਾ ਚੱਲ ਸਕਣ ਤੋਂ ਲੱਗਦਾ ਹੈ ਕਿ ਸਰਕਾਰ ਨੂੰ ਲੋਕਾਂ ਦੀ ਅਤੇ ਉਨ੍ਹਾਂ ਤੋਂ ਵਸੂਲੇ ਟੈਕਸ ਦੀ ਪ੍ਰਵਾਹ ਨਹੀਂ ਹੈ। ਫਿਲਹਾਲ ਕੇਂਦਰ ਸਰਕਾਰ ਵੱਲੋਂ ਅਗਲੇ ਸਾਲ 31 ਮਾਰਚ ਤੱਕ ਹਵਾਈ ਅੱਡਾ ਪੂਰੇ ਤਰੀਕੇ ਨਾਲ ਸ਼ੁਰੂ ਕੀਤੇ ਜਾਣ ਦੀ ਗੱਲ ਕਹੇ ਜਾਣ 'ਤੇ ਮਾਮਲੇ 'ਚ ਹੋਰ ਤੱਥ ਪੇਸ਼ ਕਰਨ ਦੀ ਗੱਲ ਕਹੀ ਹੈ। ਹਾਈ ਕੋਰਟ ਨੇ ਇਹ ਸਖਤੀ ਪਟੀਸ਼ਨਰ ਸੰਸਥਾ ਮੁਹਾਲੀ ਇੰਡਸਟਰੀ ਐਸੋਸੀਏਸ਼ਨ ਦੇ ਵਕੀਲ ਵਲੋਂ ਬੈਂਚ ਦਾ ਇਹ ਧਿਆਨ ਦਿਵਾਉਣ ਵੇਲੇ ਵਰਤੀ ਕਿ ਪਿਛਲੇ ਡੇਢ ਸਾਲ ਤੋਂ ਕੰਮ ਪੂਰਾ ਹੋਣ ਦੇ ਵਾਅਦੇ ਕੀਤੇ ਜਾ ਰਹੇ ਹਨ, ਪਰ ਅਜੇ ਤੱਕ ਕੰਮ ਮੁਕੰਮਲ ਨਹੀਂ ਹੋ ਸਕਿਆ। ਇਹ ਵੀ ਦੱਸਿਆ ਗਿਆ ਸੀ ਕਿ ਸ਼ਾਮ ਤੋਂ ਬਾਅਦ ਕੋਈ ਫਲਾਈਟ ਨਾ ਹਾਲੇ ਤੱਕ ਉਭਾਣ ਭਰਦੀ ਹੈ ਤੇ ਨਾ ਲੈਂਡ ਕਰ ਸਕਦੀ ਹੈ। ਇਸ ਬਾਰੇ ਕੇਂਦਰ ਸਰਕਾਰ ਦੇ ਸਹਾਇਕ ਸਾਲਿਸਟਰ ਜਨਰਲ ਚੇਤਨ ਮਿੱਤਲ ਨੇ ਬੈਂਚ ਨੂੰ ਭਰੋਸਾ ਦਿੱਤਾ ਕਿ ਹਵਾਈ ਅੱਡਾ ਸਹੀ ਢੰਗ ਨਾਲ ਚਲਾਉਣ ਲਈ ਲੋੜੀਂਦੀ 94000 ਸਕੁਏਅਰ ਫੁੱਟ ਦੀ ਹਵਾਈ ਪੱਟੀ ਅਗਲੇ ਸਾਲ 31 ਮਾਰਚ ਤੱਕ ਪੂਰੀ ਹੋ ਜਾਵੇਗੀ ਤੇ ਮਈ ਤੱਕ ਬਾਕੀ ਕੰਮ ਪੂਰਾ ਕਰ ਲਿਆ ਜਾਵੇਗਾ।

ਜ਼ਮੀਨ ਐਕੁਆਇਰ ਕਰਨ ਬਾਰੇ ਹਾਈ ਕੋਰਟ ਨੇ ਮੁੱਖ ਸਕੱਤਰ ਪੰਜਾਬ ਤੇ ਚੰਡੀਗੜ੍ਹ ਪ੍ਰਸ਼ਾਸਕ ਦੇ ਸਲਾਹਕ-ਾਰ ਨੂੰ ਛੇਤੀ ਮੀਟਿੰਗ ਕਰਕੇ ਹੱਲ ਕੱਢਣ ਦੀ ਹਦਾਇਤ ਕੀਤੀ ਅਤੇ ਅਗਲੇ ਹਫਤੇ ਵਿੱਚ ਇਸ ਬਾਰੇ ਐਫੀਡੇਵਿਟ ਮੰਗਿਆ ਹੈ।

# ਪਾਕਿਸਤਾਨ ਸਣੇ ਵਿਦੇਸ਼ਾਂ ਵਿੱਚ ਬੈਠੇ ਚਾਰ ਦੋਸ਼ੀਆਂ ਦੇ ਗ੍ਰਿਫਤਾਰੀ ਵਾਰੰਟ ਜਾਰੀ



ਐਸ ਏ ਐਸ ਨਗਰ, 26 ਸਤੰਬਰ (ਪੋਸਟ ਬਿਊਰੋ)- ਪੰਜਾਬ 'ਚ ਮਿੱਥ ਕੇ ਕੀਤੇ ਗਏ ਕਤਲਾਂ ਦੇ ਕੇਸ, ਜਿਨ੍ਹਾਂ ਦੀ ਜਾਂਚ ਕੇਂਦਰ ਦੀ ਜਾਂਚ ਏਜੰਸੀ (ਐਨ ਆਈ ਏ) ਕਰ ਰਹੀ ਹੈ, ਨਾਲ ਸੰਬੰਧ ਰੱਖਦੇ ਸਾਰੇ ਮਾਮਲੇ ਸੀ ਬੀ ਆਈ ਦੇ ਵਿਸ਼ੇਸ਼ ਜੱਜ ਐਨ ਐਸ ਗਿੱਲ ਦੀ ਅਦਾਲਤ ਵਿੱਚ ਚੱਲ ਰਹੇ ਹਨ। ਇਨ੍ਹਾਂ ਦੀ ਸੁਣਵਾਈ ਦੌਰਾਨ ਕੱਲ੍ਹ ਉਕਤ ਕੇਸਾਂ 'ਚ ਦੋਸ਼ੀ ਹਰਮੀਤ ਸਿੰਘ, ਜਿਸ ਨੂੰ ਪਾਕਿਸਤਾਨ 'ਚ ਦੱਸਿਆ ਜਾਂਦਾ ਹੈ ਤੋਂ ਇਲਾਵਾ ਗੁਰਜੰਟ ਸਿੰਘ ਆਸਟਰੇਲੀਆ, ਗੁਰਸ਼ਰਨਵੀਰ ਸਿੰਘ ਯੂ ਕੇ ਅਤੇ ਗੁਰਜਿੰਦਰ ਸਿੰਘ ਇਟਲੀ ਦੇ 9 ਅਕਤੂਬਰ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ।

ਅਦਾਲਤ ਵੱਲੋਂ ਸ਼ਿਵ ਸੈਨਾ ਆਗੂ ਅਮਿਤ ਅਰੋੜਾ ਦੇ ਕੇਸ ਵਿੱਚ ਅਨਿਲ ਕਾਲਾ ਦੇ 27 ਸਤੰਬਰ ਲਈ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਗਏ ਹਨ। ਅਨਿਲ ਕਾਲਾ ਇਸ ਸਮੇਂ ਹੋਰਨਾਂ ਕੇਸਾਂ ਵਿੱਚ ਜੇਲ੍ਹ ਵਿੱਚ ਬੰਦ ਹੈ। ਅਦਾਲਤ 'ਚ ਕੱਲ੍ਹ ਐਨ ਆਈ ਏ ਵੱਲੋਂ ਐਚ ਐਸ ਓਬਰਾਏ ਅਤੇ ਬਚਾਅ ਪੱਖ ਵੱਲੋਂ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਪੇਸ਼ ਹੋਏ। ਐਨ ਆਈ ਏ ਵੱਲੋਂ ਅਗਲੀ ਪੇਸ਼ੀ ਉੱਤੇ ਉਕਤ ਸੱਤ ਕੇਸਾਂ ਵਿੱਚ ਕੁਝ ਅਰਜ਼ੀਆਂ ਦਾਖਲ ਕੀਤੀਆਂ ਜਾਣਗੀਆਂ, ਜਿਨ੍ਹਾਂ 'ਤੇ ਉਸ ਦਿਨ ਸਰਕਾਰੀ ਧਿਰ ਤੇ ਬਚਾਅ ਪੱਖ 'ਚ ਬਹਿਸ ਹੋ ਸਕਦੀ ਹੈ। ਵਰਨਣ ਯੋਗ ਹੈ ਕਿ ਪਿਛਲੀ ਤਰੀਕ 'ਤੇ ਸ਼ਿਵ ਸੈਨਾ ਆਗੂ ਅਮਿਤ ਅਰੋੜਾ, ਭਾਰਤੀ, ਮਨੀ ਸ਼ੇਰਾ, ਅਨੁਰਾਗ ਪੰਡਿਤ ਤੇ ਮਨੀ ਕੁਮਾਰ ਨੂੰ ਉਕਤ ਕੇਸ ਵਿੱਚੋਂ ਡਿਸਚਾਰਜ ਕਰਨ ਵਾਲੀ ਅਰਜ਼ੀ ਮਨਜ਼ੂਰ ਹੋ ਗਈ ਸੀ। ਇਸ ਤੋਂ ਪਹਿਲਾਂ ਅਦਾਲਤ ਨੇ ਤਲਜੀਤ ਸਿੰਘ ਜਿੰਮੀ ਨੇ ਛੇ ਕੇਸਾਂ 'ਚੋਂ ਤੇ ਉਸ ਦੇ ਚਚੇਰੇ ਭਰਾ ਤਰਲੋਕ ਸਿੰਘ ਲਾਡੀ ਨੂੰ ਤਿੰਨ ਕੇਸਾਂ ਪਾਸਟਰ ਮਸੀਹ ਕਤਲ ਕੇਸ, ਅਮਿਤ ਸ਼ਰਮਾ ਕਤਲ ਕੇਸ ਤੇ ਆਰ ਐਸ ਸ਼ਾਖਾ 'ਚ ਗੋਲੀ ਚਲਾਉਣ ਵਾਲੇ ਮਾਮਲਿਆਂ 'ਚੋਂ ਡਿਸਚਾਰਜ ਕਰ ਦਿੱਤਾ ਸੀ।

# ਬਿਨਾਂ ਡਰਾਈਵਰ ਵਾਲੀ ਟਰਾਮ ਜਲਦੀ ਹੀ ਸੜਕਾਂ ਉਤੇ ਦੌੜੇਗੀ



ਜਰਮਨੀ, 26 ਸਤੰਬਰ (ਪੋਸਟ ਬਿਊਰੋ)- ਬਰਲਿਨ ਵਿੱਚ ਹੋਣ ਵਾਲੀ ਪਹਿਲੀ ਇੰਟਰਨੈਸ਼ਨਲ ਟਰਾਂਸਪੋਰਟ ਪ੍ਰਦਰਸ਼ਨੀ ਵਿੱਚ ਪਹਿਲੀ ਚਾਲਕ ਰਹਿਤ ਟ੍ਰਾਮ ਦਾ ਸਫਲ ਪ੍ਰੀਖਣ ਕੀਤਾ ਗਿਆ। ਇਸ ਵਿੱਚ ਸਾਰੇ ਕੰਮ ਇੱਕ ਕੰਪਿਊਟਰ ਕਰਦਾ ਹੈ। ਦੁਨੀਆ ਵਿੱਚ ਇਸ ਤਰ੍ਹਾਂ ਦੀਆਂ ਹੋਰ ਵੀ ਤਕਨੀਕਾਂ ਹਨ, ਪਰ ਜਰਮਨੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਤਕਨੀਕ ਸਭ ਤੋਂ ਅਲੱਗ ਹੈ। ਇਹ ਟ੍ਰਾਮ ਉਨ੍ਹਾਂ ਟਰੈਕਾਂ 'ਤੇ ਹੀ ਚੱਲੇਗੀ, ਜਿਨ੍ਹਾਂ 'ਤੇ ਹੋਰ ਡਰਾਈਵਰ ਟ੍ਰਾਮ ਚਲਾਉਂਦੇ ਹਨ।


ਦੁਨੀਆ ਦੀ ਇਸ ਪਹਿਲੀ ਚਾਲਕ ਰਹਿਤ ਟ੍ਰਾਮ ਨੂੰ 50 ਕੰਪਿਊਟਰ ਵਿਗਿਆਨੀਆਂ ਅਤੇ ਇੰਜੀਨੀਅਰਾਂ ਦੀ ਟੀਮ ਨੇ ਵਿਕਸਿਤ ਕੀਤਾ ਹੈ। ਇਹ ਟ੍ਰਾਮ ਰਡਾਰ ਤੇ ਕੈਮਰਾ ਸੈਂਸਰ ਨਾਲ ਲੈਸ ਹੈ। ਇਸ ਦੇ ਨਾਲ ਇਹ ਟ੍ਰਾਮ 19 ਐਲਗੋਰਿਦਮ 'ਤੇ ਆਧਾਰਤ ਹੈ, ਜੋ ਟਰੈਕਸਾਈਡ ਸਿਗਨਲ ਦਿੰਦੀ ਤੇ ਪੈਦਲ ਚੱਲਣ ਵਾਲਿਆਂ ਤੇ ਵਾਹਨਾਂ ਨੂੰ ਪਾਰ ਕਰਨ ਦੇ ਖਤਰਿਆਂ ਨੂੰ ਪਹਿਲਾਂ ਦੱਸ ਦਿੰਦੀ ਹੈ। ਐਮਰਜੈਂਸੀ ਹਾਲਤ ਲਈ ਸੁਰੱਖਿਆ ਚਾਲਕ ਨਾਲ ਇਸ ਨੂੰ ਛੇ ਕਿਲੋਮੀਟਰ ਟੈਸਟਿੰਗ ਟਰੈਕ 'ਤੇ ਚਲਾਇਆ ਗਿਆ ਹੈ। ਇਸ ਯੋਜਨਾ ਦੇ ਮੈਨੇਜਰ ਓਲਿਵਰ ਗਲੇਸਰ ਨੇ ਕਿਹਾ ਕਿ ਉਨ੍ਹਾਂ ਦੀ ਪਹਿਲ ਸੁਰੱਖਿਆ ਹੈ, ਜਿਸ ਵਿੱਚ 420 ਮੁਲਾਜ਼ਮ ਹਨ ਤੇ ਸਾਲਾਨਾ 33 ਮਿਲੀਅਨ ਯਾਤਰੀਆਂ ਦੀ ਸੁਰੱਖਿਆ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਇਸ ਯੋਜਨਾ ਨਾਲ ਨੌਕਰੀਆਂ 'ਤੇ ਮਾੜਾ ਅਸਰ ਨਹੀਂ ਪਏਗਾ।

# ਚੋਰੀ ਦੇ ਕੇਸ ਦੀ ਫੁਟੇਜ ਕੋਰਟ ਵਿੱਚ ਚਲਾਈ ਤਾਂ ਚੋਰਾਂ ਦੀ ਬਜਾਏ ਮੰਦਰ ਕਮੇਟੀ ਦੇ ਮੈਂਬਰ ਦਿੱਸੇ

ਚੰਡੀਗੜ੍ਹ, 26 ਸਤੰਬਰ (ਪੋਸਟ ਬਿਊਰੋ)- ਇਸ ਆਧੁਨਿਕ ਸੈਕਟਰ 27 ਦੇ ਦਿਗੰਬਰ ਜੈਨ ਮੰਦਰ ਵਿੱਚ ਹੋਈ ਚੋਰੀ ਦੇ ਕੇਸ ਵਿੱਚ ਪੁਲਸ ਦੇ ਹੱਥ ਜਿਹੜੇ ਅਹਿਮ ਸਬੂਤ ਲੱਗੇ ਸਨ, ਉਹ ਕੋਰਟ ਵਿੱਚ ਜਾ ਕੇ ਬਦਲ ਗਏ। ਪੁਲਸ ਨੂੰ ਮੰਦਰ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਦੋ ਵਿਅਕਤੀ ਭੱਜਦੇ ਨਜ਼ਰ ਆਏ ਸਨ, ਜਿਸ ਆਧਾਰ ਉਤੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਕੋਰਟ ਵਿੱਚ ਜਦ ਫੁਟੇਜ ਦੀ ਸੀ ਡੀ ਚਲਾਈ ਤਾਂ ਉਸ ਵਿੱਚ ਚੋਰਾਂ ਦੀ ਥਾਂ ਕੋਈ ਹੋਰ ਹੀ ਨਜ਼ਰ ਆਇਆ। ਉਨ੍ਹਾਂ ਦੀ ਪਛਾਣ ਲਈ ਜਦ ਗਵਾਹ ਤੋਂ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਇਹ ਤਾਂ ਚੋਰ ਨਹੀਂ, ਇਹ ਮੰਦਰ ਕਮੇਟੀ ਦੇ ਨਾਲ ਜੁੜੇ ਲੋਕ ਹਨ। ਇਸ ਕੇਸ ਵਿੱਚ ਮੰਦਰ ਦੇ ਇੱਕ ਚੌਕੀਦਾਰ ਮਗਰੂ ਸਿੰਘ ਗਵਾਹ ਨੇ ਕੋਰਟ ਵਿੱਚ ਕਿਹਾ ਕਿ ਇਹ ਉਹ ਸੀ ਡੀ ਨਹੀਂ, ਜੋ ਉਨ੍ਹਾਂ ਨੇ ਪੁਲਸ ਨੂੰ ਦਿੱਤੀ ਸੀ। ਇਸ ਉੱਤੇ ਜੱਜ ਨੇ ਅਗਲੀ ਤਰੀਕ 'ਤੇ ਕੇਸ ਦੇ ਇਨਵੈਸਟੀਗੇਸ਼ਨ ਅਫਸਰ ਨੂੰ ਖੁਦ ਆਣ ਕੇ ਪੇਸ਼ ਹੋਣ ਦੇ ਲਈ ਸੰਮਨ ਕਰ ਦਿੱਤੇ।

ਦੂਸਰੇ ਪਾਸੇ ਪੁਲਸ ਦੀ ਇਸ ਵੱਡੀ ਭੁੱਲ ਦਾ ਲਾਭ ਉਠਾ ਕੇ ਤਿੰਨਾਂ ਵਿੱਚੋਂ ਇੱਕ ਦੋਸ਼ੀ ਮਨਵੀਰ ਸਿੰਘ ਨੇ ਜ਼ਮਾਨਤ ਦੀ ਅਰਜ਼ੀ ਦਾਇਰ ਕਰ ਦਿੱਤੀ ਹੈ, ਜਿਸ 'ਤੇ ਕੋਰਟ ਨੇ ਪੁਲਸ ਨੂੰ 28 ਸਤੰਬਰ ਨੂੰ ਜਵਾਬ ਦੇਣ ਲਈ ਨੋਟਿਸ ਕਰ ਦਿੱਤਾ ਹੈ। ਅਸਲ ਵਿੱਚ ਕੁਝ ਮਹੀਨੇ ਪਹਿਲਾਂ ਸ਼ਹਿਰ ਦੇ ਮੰਦਰਾਂ ਵਿੱਚ ਲਗਾਤਾਰ ਚੋਰੀਆਂ ਹੋਈਆਂ ਸਨ। ਓਦੋਂ ਸੈਕਟਰ 27 ਦੇ ਜੈਨ ਮੰਦਰ ਵਿੱਚ ਵੀ ਚੋਰੀ ਹੋਈ ਸੀ, ਜਿਸ ਵਿੱਚ ਪੁਲਸ ਨੇ ਤਿੰਨ ਲੜਕਿਆਂ ਹਰਜੀਤ ਸਿੰਘ, ਰੇਸ਼ਮ ਸਿੰਘ ਤੇ ਮਨਵੀਰ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਹਰਜੀਤ ਅਤੇ ਰੇਸ਼ਮ ਸਿੰਘ ਨੇ ਪਹਿਲਾ ਜ਼ਮਾਨਤ ਦੀ ਅਰਜ਼ੀ ਦਿੱਤੀ ਤਾਂ ਕੋਰਟ ਨੇ ਰੱਦ ਕਰ ਦਿੱਤੀ ਸੀ। ਵਰਨਣ ਯੋਗ ਹੈ ਕਿ 11 ਅਪ੍ਰੈਲ 2018 ਦੀ ਦੇਰ ਰਾਤ ਕਰੀਬ 2.40 ਵਜੇ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਸੈਕਟਰ 27 ਦੇ ਜੈਨ ਮੰਦਰ ਵਿੱਚ ਚੋਰੀ ਹੋ ਗਈ ਹੈ। ਮੰਦਰ ਦੇ ਚੌਕੀਦਾਰ ਮਗਰੂ ਸਿੰਘ ਦੇ ਮੁਤਾਬਕ ਉਹ ਵਾਸ਼ਰੂਮ ਗਿਆ ਅਤੇ ਜਦ ਵਾਪਸ ਆਇਆ ਤਾਂ ਚਾਂਦੀ ਦਾ ਛੱਤਰ ਚੋਰੀ ਹੋ ਚੁੱਕਾ ਸੀ। ਮੰਦਰ ਵਿੱਚ ਸੀ ਸੀ ਟੀ ਵੀ ਫੁਟੇਜ ਪੁਲਸ ਨੇ ਚੈੱਕ ਕੀਤੀ ਤਾਂ ਦੋ ਵਿਅਕਤੀ ਮੰਦਰ ਦੇ ਸਾਹਮਣੇ ਭੱਜਦੇ ਨਜ਼ਰ ਆਏ ਸਨ। ਇਸ ਦੇ ਆਧਾਰ ਉੱਤੇ ਪੁਲਸ ਨੇ ਦੋ ਜਣਿਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਅਤੇ ਜਾਂਚ ਦੇ ਬਾਅਦ ਪੁਲਸ ਨੇ ਮੇਰਠ ਦੇ ਹਰਜੀਤ ਸਿੰਘ, ਊਧਮ ਸਿੰਘ ਨਗਰ ਦੇ ਰੇਸ਼ਮ ਸਿੰਘ ਅਤੇ ਮੇਰਠ ਦੇ ਮਨਵੀਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਸੀ। ਪੁਲਸ ਨੇ ਕੋਰਟ ਤੋਂ ਤਿੰਨਾਂ ਦਾ ਰਿਮਾਂਡ ਲਿਆ ਅਤੇ ਪੁਲਸ ਉਨ੍ਹਾਂ ਨੂੰ ਗਾਜ਼ੀਆਬਾਦ ਲੈ ਗਈ, ਜਿੱਥੇ ਉਨ੍ਹਾਂ ਨੇ ਚੋਰੀ ਦਾ ਸਾਮਾਨ ਬਰਾਮਦ ਕਰਵਾਇਆ। ਜਦੋਂ ਇਸ ਕੇਸ ਦੀ ਸੀ ਡੀ ਅਦਾਲਤ ਵਿੱਚ ਚਲਾਈ ਗਈ ਤਾਂ ਸਾਰਾ ਕੁਝ ਹੀ ਉਲਟਾ ਨਿਕਲਿਆ।

# ਹਾਈ ਕੋਰਟ ਦੇ ਨਵੇਂ ਫੈਸਲੇ ਨਾਲ ਡੇਢ ਕਰੋੜ ਪੇਪਰ, ਢਾਈ ਲੱਖ ਰੁਪਏ ਦੀ ਬੱਚਤ ਹੋਵੇਗੀ



ਚੰਡੀਗੜ੍ਹ, 26 ਸਤੰਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਪਟੀਸ਼ਨਾਂ ਤੇ ਅਰਜ਼ੀਆਂ ਲਈ ਪੇਪਰ ਦੀ ਵੱਡੀ ਗਿਣਤੀ ਵਿੱਚ ਹੋ ਰਹੀ ਬਰਬਾਦੀ ਘੱਟ ਕਰਨ ਲਈ ਵੱਡਾ ਫੈਸਲਾ ਲਿਆ ਹੈ। ਇਸ ਨਾਲ ਸਾਲ ਭਰ ਦੇ ਹਿਸਾਬ ਨਾਲ ਲਗਭਗ ਡੇਢ ਕਰੋੜ ਪੇਪਰ ਬਚਾਏ ਜਾਣਗੇ ਅਤੇ ਸਾਲਾਨਾ ਢਾਈ ਲੱਖ ਰੁਪਏ ਦੀ ਬੱਚਤ ਹੋਵੇਗੀ।

ਇਸ ਸੰਬੰਧ ਵਿੱਚ ਹਾਈ ਕੋਰਟ ਨੇ ਪਟੀਸ਼ਨ ਦਾਇਰ ਕਰਨ ਨੂੰ ਲੈ ਕੇ ਕੁਝ ਪੈਮਾਨੇ ਤੈਅ ਕੀਤੇ ਹਨ। ਇਸ ਪਹਿਲ ਦਾ ਹਾਈ ਕੋਰਟ ਐਡਵੋਕੇਟਸ ਨੇ ਸਵਾਗਤ ਕੀਤਾ ਹੈ। ਕਤਲ ਵਰਗੇ ਸੰਗੀਨ ਕੇਸਾਂ ਵਿੱਚ ਤੇਜ਼ੀ ਨਾਲ ਕਾਰਵਾਈ ਨੂੰ ਲੈ ਕੇ ਚੀਫ ਜਸਟਿਸ ਨੇ ਤਿੰਨ ਬੈਂਚ ਵੀ ਗਠਿਤ ਕੀਤੇ ਹਨ। ਬਾਰ ਮੈਂਬਰਾਂ ਨਾਲ ਮੀਟਿੰਗ ਵਿੱਚ ਹਾਈ ਕੋਰਟ ਕੰਪਿਊਟਰ ਕਮੇਟੀ ਦੇ ਚੇਅਰਮੈਨ ਜਸਟਿਸ ਰਾਜੇਸ਼ ਬਿੰਦਲ ਨੇ ਦੱਸਿਆ ਕਿ ਨਵੀਂ ਪ੍ਰਣਾਲੀ ਹੇਠ ਦਾਇਰ ਹੋਣ ਵਾਲੇ ਕੇਸਾਂ ਦੇ ਦਸਤਾਵੇਜ਼ਾਂ ਵਿੱਚ ਦੋਵੇਂ ਪਾਸੇ ਪ੍ਰਿੰਟਿੰਗ ਨਾਲ ਕਾਫੀ ਪੇਪਰਸ ਦੀ ਬੱਚਤ ਹੋਵੇਗੀ। ਕੰਪਿਊਟਰ ਕਮੇਟੀ ਮੈਂਬਰਸ ਦੇ ਰੂਪ ਵਿੱਚ ਜਸਟਿਸ ਸੁਰਿੰਦਰ ਗੁਪਤਾ, ਜਸਟਿਸ ਅਰੁਣ ਪੱਲੀ ਅਤੇ ਜਸਟਿਸ ਬੀ ਐਸ ਵਾਲੀਆ ਵੀ ਮੀਟਿੰਗ ਵਿੱਚ ਸ਼ਾਮਲ ਹੋਏ। ਰਿਸਿਪਟ ਦੇ ਪ੍ਰਿੰਟ ਦੀ ਥਾਂ ਅਰਜ਼ੀ ਕਰਤਾਵਾਂ ਨੂੰ ਰਜਿਸਟਰਡ ਮੋਬਾਈਲ ਨੰਬਰਾਂ ਉਤੇ ਐਸ ਐਮ ਐਸ ਭੇਜਿਆ ਜਾਵੇਗਾ। ਇਹ ਫੈਸਲਾ ਇਸ ਲਈ ਅਹਿਮ ਹੈ ਕਿ ਬੀਤੇ ਸਾਲ ਲਗਭਗ ਪੰਜ ਲੱਖ ਰਿਸਿਪਟਸ ਜਾਰੀ ਕੀਤੀ ਗਈ ਸੀ, ਜਿਸ ਵਿੱਚ ਪੇਪਰਸ ਦੇ ਲਗਭਗ 800 ਰੋਲਸ ਲੱਗੇ ਸਨ, ਜਿਹੜੇ ਏ-4 ਸਾਈਜ਼ ਪੇਪਰ ਦੇ 400 ਰਿਮ ਦੇ ਬਰਾਬਰ ਹਨ। ਦੱਸਿਆ ਗਿਆ ਕਿ ਈ-ਪੇਮੈਂਟ ਮਾਡਿਊਲ ਨਾਲ ਕਾਪੀ ਅਤੇ ਨਿਰੀਖਣ ਦੀ ਵੀ ਸੁਵਿਧਾ ਦਿੱਤੀ ਜਾ ਰਹੀ ਹੈ।

# ਚੰਡੀਗੜ੍ਹ ਹਵਾਈ ਅੱਡਾ ਮਾਰਚ ਤੱਕ ਵੱਡੇ ਜਹਾਜ਼ਾਂ ਲਈ ਤਿਆਰ ਹੋਵੇਗਾ: ਜੈਅੰਤ ਸਿਨਹਾ



ਚੰਡੀਗੜ੍ਹ, 26 ਸਤੰਬਰ (ਪੋਸਟ ਬਿਊਰੋ)- ਸੀ ਆਈ ਆਈ ਵੱਲੋਂ ਭਾਰਤ ਨੂੰ ਹਵਾਬਾਜ਼ੀ ਦਾ ਕੇਂਦਰ ਬਣਾਉਣ ਦੇ ਵਿਸ਼ੇ 'ਤੇ ਕਰਵਾਏ ਸੰਮੇਲਨ ਮੌਕੇ ਕੱਲ੍ਹ ਸਿਵਲ ਹਵਾਬਾਜ਼ੀ ਦੇ ਰਾਜ ਮੰਤਰੀ ਜੈਅੰਤ ਸਿਨਹਾ ਨੇ ਕਿਹਾ ਕਿ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡਾ ਮਾਰਚ 2019 ਤੱਕ ਵੱਡੇ ਜਹਾਜ਼ਾਂ ਲਈ ਤਿਆਰ ਹੋ ਜਾਵੇਗਾ। ਇਸ ਦੇ ਨਾਲ ਹੀ ਇਥੋਂ 24 ਘੰਟੇ ਸੱਤ ਦਿਨ ਉਡਾਣਾਂ ਸੰਭਵ ਹੋ ਜਾਣਗੀਆਂ ਅਤੇ ਵੱਡੇ ਜਹਾਜ਼ਾਂ ਦੀਆਂ ਉਡਾਣਾਂ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਤੋਂ ਸ਼ੁਰੂ ਹੋਣ ਬਾਅਦ ਸ਼ਹਿਰ ਦੁਨੀਆ ਦੇ ਵੱਡੇ ਦੇਸ਼ਾਂ ਅਮਰੀਕਾ, ਯੂਰਪ, ਕੈਨੇਡਾ ਤੇ ਹੋਰ ਦੇਸ਼ਾਂ ਨਾਲ ਜੁੜ ਜਾਵੇਗਾ। ਜੈਅੰਤ ਸਿਨਹਾ ਨੇ ਕਿਹਾ ਕਿ ਭਾਰਤੀ ਹਵਾਬਾਜ਼ੀ ਖੇਤਰ ਬੜੀ ਤੇਜ਼ੀ ਨਾਲ ਵੱਧ ਰਿਹਾ ਹੈ ਤੇ ਘਰੇਲੂ ਉਡਾਣਾਂ ਵਿੱਚ ਮੁਸਾਫਰਾਂ ਦੀ ਗਿਣਤੀ ਵਧ ਰਹੀ ਹੈ।

# ਅਮਰੀਕਾ-ਤਾਈਵਾਨ ਵਿੱਚ ਫੌਜੀ ਸਮਝੌਤੇ ਤੋਂ ਚੀਨ ਨਾਰਾਜ਼

ਵਾਸ਼ਿੰਗਟਨ, 26 ਸਤੰਬਰ (ਪੋਸਟ ਬਿਊਰੋ)- ਰੂਸ ਦੇ ਨਾਲ ਹਥਿਆਰ ਖਰੀਦ ਸੌਦਾ ਹੋਣ ਦੇ ਬਾਅਦ ਅਮਰੀਕਾ ਨੇ ਚੀਨ 'ਤੇ ਪਾਬੰਦੀ ਲਾ ਕੇ ਜੋ ਨਾਰਾਜ਼ਗੀ ਮੁੱਲ ਲਈ, ਉਹ ਹੋਰ ਅੱਗੇ ਵਧ ਗਈ ਹੈ। ਚੀਨ ਵੱਲੋਂ ਜਿਸ ਤਾਈਵਾਨ ਦੇਸ਼ ਉੱਤੇ ਅੱਜ ਤੱਕ ਆਪਣਾ ਹੋਣ ਦਾ ਦਾਅਵਾ ਠੋਕਿਆ ਜਾਂਦਾ ਰਿਹਾ ਹੈ, ਉਸ ਦੇ ਨਾਲ ਅਮਰੀਕਾ ਨੇ 33 ਕਰੋੜ ਡਾਲਰ ਦੇ ਫੌਜੀ ਸਾਜ਼ੋ ਸਾਮਾਨ ਵੇਚਣ ਦਾ ਸੌਦਾ ਕਰ ਲਿਆ ਹੈ। ਇਸ ਕਦਮ ਨਾਲ ਚੀਨ ਨਾਰਾਜ਼ ਹੋ ਗਿਆ ਹੈ।

ਸ਼ੰਕਾ ਹੈ ਕਿ ਇਸ ਡੀਲ ਨਾਲ ਅਮਰੀਕਾ-ਚੀਨ ਵਿੱਚ ਤਣਾਅ ਹੋਰ ਵਧੇਗਾ। ਇਸ ਤੋਂ ਪਹਿਲਾਂ ਅਮਰੀਕਾ ਚੀਨ ਦੇ ਨਾਲ ਇੰਪੋਰਟ ਟੈਕਸ ਦੇ ਮੁੱਦੇ ਉਤੇ ਟ੍ਰੇਡ ਵਾਰ ਛੇੜ ਚੁੱਕਾ ਹੈ। ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਆਪਣੇ ਇਕ ਬਿਆਨ ਵਿੱਚ ਕਿਹਾ ਹੈ ਕਿ ਇਸ ਸੌਦੇ ਨਾਲ ਤਾਈਵਾਨ ਦੇ ਕਈ ਫੌਜੀ ਜਹਾਜ਼ਾਂ ਲਈ ਅਮਰੀਕੀ ਕਲਪੁਰਜੇ ਦਿੱਤੇ ਜਾਣਗੇ, ਜਿਨ੍ਹਾਂ ਵਿੱਚ ਐਫ-16 ਲੜਾਕੂ ਜਹਾਜ਼ ਅਤੇ ਸੀ-130 ਕਾਰਗੋ ਪਲੇਨ ਸ਼ਾਮਲ ਹੈ। ਟਰੰਪ ਸਰਕਾਰ ਨੇ ਤਾਈਵਾਨ ਨੂੰ 33 ਕਰੋੜ ਡਾਲਰ ਦਾ ਫੌਜੀ ਸਾਜ਼ੋ ਸਾਮਾਨ ਵੇਚਣ ਦੀ ਮਨਜ਼ੂਰੀ ਵੀ ਦੇ ਦਿੱਤੀ ਹੈ। ਇਸ ਰੱਖਿਆ ਡੀਲ 'ਤੇ ਇਤਰਾਜ਼ ਚੁੱਕਣ ਲਈ ਅਮਰੀਕੀ ਕਾਂਗਰਸ ਦੇ ਕੋਲ 30 ਦਿਨ ਦਾ ਸਮਾਂ ਹੋਵੇਗਾ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੈਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ। ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $541,800
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਉਨ ਹਾਉਸ, ਕੁਆਰਟਜ਼ ਕਾਉਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੈਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੂਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Inderjit Singh
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Tol Free: 1-877-799-9878. www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452.0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

## ਪਰਮਗੁਣੀ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ 29 ਸਤੰਬਰ ਨੂੰ ਮਨਾਇਆ ਜਾਏਗਾ



(ਬਰੈਂਪਟਨ/ਬਾਸੀ ਹਰਚੰਦ) ਪੰਜਾਬੀ ਸੱਭਿਆਚਾਰ ਮੰਚ ਟਰੋਂਟੋ ਦੇ ਜਨਰਲ ਸਕੱਤਰ ਕਾ: ਸੁਖਦੇਵ ਸਿੰਘ ਧਾਲੀਵਾਲ ਨੇ ਦੱਸਿਆ ਕਿ ਪਰਮਗੁਣੀ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ 29 ਸਤੰਬਰ 2018 ਦਿਨ ਸਨਿਚਰਵਾਰ ਨੂੰ 12-00ਵਜੇ ਤੋਂ 4-00 ਵਜੇ ਤੱਕ ਮਨਾਇਆ ਜਾਏਗਾ। ਉਸ ਲੋਕ ਨਾਇਕ ਦਾ ਜਨਮ ਦਿਨ ਗੁਰੂ ਤੇਗ ਬਹਾਦਰ ਪਬਲਕਿ ਸਕੂਲ ਦੇ ਹਾਲ ਵਿੱਚ ਮਨਾਇਆ ਜਾਏਗਾ। ਇਹ ਸਕੂਲ ਸੈਂਡਲਵੁਡ/ਕਨੇਡੀ ਇੰਟਰ ਸੈਕਸ਼ਨ ਵਾਲੇ ਹਾਰਟ ਲੇਕ ਪਲਾਜ਼ੇ ਵਿੱਚ ਮੈਕਡੋਨਲ ਦੇ ਨਾਲ ਸਥਿਤ ਹੈ। ਹਰ ਪਾਸੇ ਤੋਂ ਬੱਸ ਦੀ ਸੌਖੀ ਪਹੁੰਚ ਹੈ।

ਉਸ ਮਹਾਨ ਯੋਧੇ ਨੇ ਭਾਰਤ ਦੇ ਗਲੋਂ ਅੰਗਰੇਜ਼ਾਂ ਦੀ ਗੁਲਾਮੀ ਲਾਹੁਣ ਲਈ ਸਾਥੀਆਂ ਨਾਲ ਰਲ ਕੇ ਇਨਕਲਾਬੀ ਸਰਗਰਮੀਆਂ ਕੀਤੀਆਂ ।ਅੰਗਰੇਜ਼ਾਂ ਨੇ ਉਸ ਦੀਆਂ ਸਰਗਰਮੀਆਂ ਨੂੰ ਆਪਣੇ ਰਾਜ ਲਈ ਖਤਰਨਾਕ ਸਮਝਦਿਆਂ ਉਸ ਨੂੰ ਬੜੀ ਛੋਟੀ ਉਮਰ ਵਿੱਚ ਫਾਂਸੀ ਦੇ ਦਿਤੀ।

ਸੱਭ ਪ੍ਰਗਤੀਸ਼ੀਲ ਵਿਅਕਤੀਆਂ, ਬੁਧੀਜੀਵੀਆਂ, ਸਮਾਜ ਸੇਵੀ ਕਾਰਕੁਨਾਂ ਅਤੇ ਸੱਭ ਲੋਕਾਂ ਨੂੰ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਆਉ ਰਲ ਕੇ ਉਹਨਾਂ ਨੂੰ ਯਾਦ ਕਰੀਏ ਅਤੇ ਚੰਗੇ ਭਵਿਖ ਲਈ ਸੋਸ਼ਨ ਰਹਿਤ ਸਮਾਜ ਸਿਰਜਣ ਦੀ ਪ੍ਰੇਰਨਾ ਲਈਏ। ਨਾਮਵਰ ਸਖਸ਼ੀਅਤਾਂ ਦੇ ਭਾਸ਼ਨ ਹੋਣਗੇ ਕਵੀ ਸੱਜਣਾ ਨੂੰ ਸਮਾਂ ਮਿਲੇਗਾ। ਹੋਰ ਜਾਣਕਾਰੀ ਲਈ ਫੋਨ ਨੰਬਰ ਬਲਦੇਵ ਸਿੰਘ ਸਹਿਦੇਵ 647-328-7045, ਕਾ: ਸੁਖਦੇਵ ਸਿੰਘ ਧਾਲੀਵਾਲ 647-298-7250, ਹਰਚੰਦ ਸਿੰਘ ਬਾਸੀ 647-786-9502,ਸੁਰਿੰਦਰ ਗਿੱਲ 905-460-5544

## ਕੈਸਲਮੋਰ ਸੀਨੀਅਰ ਕਲੱਬ ਦੀ ਕਾਰਜਸ਼ੈਲੀ ਵਿਚ ਬੇਨਿਯਮੀਆਂ ਵਰਤਣ ਦੇ ਗੰਭੀਰ ਦੋਸ਼



ਬਰੈਂਪਟਨ-ਕੁਝ ਸਮੇਂ ਤੋਂ ਕੈਸਲਮੋਰ ਸੀਨੀਅਰ ਕਲੱਬ ਬਰੈਂਪਟਨ ਦੀ ਪ੍ਰਧਾਨਗੀ ਵੱਲੋਂ ਕਲੱਬ ਦੀ ਕਾਰਜਸ਼ੈਲੀ ਵਿੱਚ ਬੇਨਿਯਮੀਆਂ ਵਰਤਣ ਦੇ ਗੰਭੀਰ ਦੋਸ਼ ਲੱਗ ਰਹੇ ਹਨ। ਇਸ ਦਾ ਖੁਲਾਸਾ ਓਦੋਂ ਹੋਇਆ ਜਦੋਂ ਕੱਲ ਟ੍ਰੀਲਾਈਨ ਪਾਰਕ ਵਿਖੇ ਕਲੱਬ ਦੇ ਮੈਂਬਰਾਂ ਦੁਆਰਾ ਸ਼ਿਕਾਇਤ ਪੱਤਰ ਬਰੈਂਪਟਨ ਰਿਕ੍ਰੀਏਸ਼ਨ ਪ੍ਰੋਗ੍ਰਾਮ ਦੇ ਨੁਮਾਇੰਦੇ ਵੱਜੋਂ ਆਈ ਬੀਬੀ ਐਨ ਮੂਰ ਨੂੰ ਸੌਂਪਿਆ ਗਿਆ। ਇਸ ਮੌਕੇ ਕਲੱਬ ਮੈਂਬਰਾਂ ਦੀ ਹਾਜਰੀ ਵਿੱਚ ਕਲੱਬ ਪ੍ਰਧਾਨਗੀ ਵੱਲੋਂ ਗੈਰਸੰਵਿਧਾਨਕ ਰੁਖ ਅਖਤਿਆਰ ਕਰਨ ਬਾਰੇ ਕਲੱਬ ਦੇ ਸੈਕਟਰੀ ਕੁਲਦੀਪ ਗਿੱਲ ਅਤੇ ਚੇਅਰਮੈਨ ਵਤਨ ਸਿੰਘ ਗਿੱਲ ਨੇ ਬੀਬੀ ਨੂੰ ਵਿਸਥਾਰ ਪੂਰਵਕ ਦੱਸਿਆ। ਇਨ੍ਹਾਂ ਦੋਸ਼ਾਂ ਦਾ ਮੁੱਖ ਪਹਿਲੂ ਕਲੱਬ ਪ੍ਰਧਾਨਗੀ ਦੁਆਰਾ ਪਾਰਦਰਸ਼ਿਤਾ ਨੂੰ ਲਾਂਭੇ ਰੱਖ ਤਾਨਾਸ਼ਾਹੀ ਰਵੱਈਆ ਅਖਤਿਆਰ ਕਰਨਾ ਦੱਸਿਆ ਗਿਆ। ਕਲੱਬ ਦੁਆਰਾ ਵਰਤੀਆਂ ਗਈਆਂ ਬੇਨਿਯਮੀਆਂ ਵਿੱਚ ਮੁੱਖ ਰੂਪ ’ਚ ਨਵੇਂ ਮੈਂਬਰ ਬਨਾਉਣ ਲਈ ਰਸੀਦ ਬੁੱਕ ਮੁਹੱਈਆਂ ਨਾ ਕਰਾਉਣਾ, ਕੁਲ ਮੈਂਬਰ ਲਿਸਟ ਸਭ ਨਾਲ ਸਾਂਝੀ ਨਾ ਕਰਨਾ, ਟੂਰਾਂ ਦੁਆਰਾ ਇਕੱਤਰ ਫੰਡਾਂ ਦਾ ਰਿਕਾਰਡ ਨਾ ਦੱਸਣਾ, ਅਤੇ ਕਲੱਬ ਸੈਕਟਰੀ ਨੂੰ ਕਲੱਬ ਦੇ ਲੇਖੇਜੋਖੇ ਤੋਂ ਲਾਂਭੇ ਰੱਖਣਾ ਆਦਿ ਹਨ। ਮੈਂਬਰਾਂ ਦੇ ਜੋਰ ਪਾਉਣ ’ਤੇ ਜਦ ਮੀਟਿੰਗ ਰੱਖੀ ਗਈ ਤਾਂ ਪ੍ਰਧਾਨ ਦੁਆਰਾ ਤਾਨਾਸ਼ਾਹੀ ਰੁਖ ਅਪਨਾਉਂਦਿਆਂ ਬਿਨਾ ਕਿਸੇ ਸਿੱਟੇ ਦੇ ਮੀਟਿੰਗ ਬਰਖਾਸਤ ਕਰ ਦਿੱਤੀ ਗਈ। ਇਸ ਤਰ੍ਹਾਂ ਕਲੱਬ ਮੈਂਬਰਾਂ ਨੂੰ ਭਰੋਸੇ ਵਿੱਚ ਲਏ ਬਿਨਾ ਆਪਹੁਦਰੀਆਂ ਕਾਰਵਾਈਆਂ ਦਾ ਵਿਰੋਧ ਕਰਦੇ ਹੋਏ ਇਕੱਤਰ ਹੋਏ ਮੈਬਰਾਂ ਸਿਟੀ ਨੁਮਾਇੰਦਗੀ ਅੱਗੇ ਸਖਤ ਰੋਸ ਪ੍ਰਗਟ ਕਰਦਿਆਂ ਇਸ ਦੀ ਜਾਂਚ ਅਤੇ ਸੁਯੋਗ ਕਰਵਾਈ ਕਰਨ ਦੀ ਬੇਨਤੀ ਕੀਤੀ। ਬੀਬੀ ਮੂਰ ਨੇ ਉਚਿਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ।

## ਫ਼ੈੱਡਰਲ ਗੈਸ ਟੈਕਸ ਫ਼ੰਡ ਨਾਲ ਬਰੈਂਪਟਨ ਨੂੰ ਕਾਫ਼ੀ ਫ਼ਾਇਦਾ ਹੋਏਗਾ : ਸੋਨੀਆ ਸਿੱਧੂ



ਬਰੈਂਪਟਨ, -ਇਸ ਸਾਲ ਬਰੈਂਪਟਨ ਨੂੰ ਫ਼ੈੱਡਰਨ ਗੈਸ ਟੈਕਸ ਫ਼ੰਡ ਰਾਹੀਂ ਪਬਲਿਕ ਟਰਾਂਜ਼ਿਟ, ਪਾਣੀ, ਸੜਕਾਂ, ਖੇਡਾਂ, ਮਨੋਰੰਜਨ ਅਤੇ ਟੂਰਿਜ਼ਮ ਲਈ 16,687,066 ਡਾਲਰ ਦੀ ਸਲਾਨਾ ਫ਼ੰਡਿੰਗ ਮਿਲੇਗੀ ਜਿਸ ਨਾਲ ਸ਼ਹਿਰ ਨੂੰ ਕਾਫ਼ੀ ਲਾਭ ਹੋਵੇਗਾ। ਇਸ ਫ਼ੈੱਡਰਲ ਨਿਵੇਸ਼ ਦੀ ਸਹਾਇਤਾ ਨਾਲ ਇਨ੍ਹਾਂ ਪ੍ਰਾਜੈੱਕਟਾਂ ਰਾਹੀਂ ਸ਼ਹਿਰ ਦੀ ਆਰਥਿਕਤਾ ਨੂੰ ਹੋਰ ਹੁਲਾਰਾ ਮਿਲੇਗਾ, ਨਵੀਆਂ ਨੌਕਰੀਆਂ ਪੈਦਾ ਹੋਣਗੀਆਂ ਅਤੇ ਬਰੈਂਪਟਨ ਰਿਹਾਇਸ਼ ਲਈ ਹੋਰ ਵਧੀਆ ਸ਼ਹਿਰ ਬਣਨ ਵੱਲ ਕਦਮ ਵਧਾਏਗਾ।

ਇਸ ਦੇ ਬਾਰੇ ਗੱਲ ਕਰਦਿਆਂ ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਕਿਹਾ,"ਅਜੋਕੇ ਪਬਲਿਕ ਇਨਫ਼ਰਾ-ਸਟਰੱਕਚਰ ਵਿਚ ਨਿਵੇਸ਼ ਕਰਨ ਨਾਲ ਵਿਕਾਸ ਵਿਚ ਵਾਧਾ ਹੁੰਦਾ ਹੈ, ਮੱਧ-ਵਰਗ ਮਜ਼ਬੂਤ ਹੁੰਦਾ ਹੈ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਹੁੰਦੀ ਹੈ। ਸਾਡੀ ਸਰਕਾਰ ਸਥਾਨਕ ਸਰਕਾਰਾਂ ਨੂੰ ਪਬਲਿਕ ਇਨਫ਼ਰਾ-ਸਟਰੱਕਚਰ ਦੇ ਵਾਧੇ ਅਤੇ ਵਿਕਾਸ ਲਈ ਲੰਮੇਂ ਸਮੇਂ ਲਈ ਫ਼ੰਡਿੰਗ ਕਰਨ ਲਈ ਵਚਨਬੱਧ ਹੈ ਤਾਂ ਜੋ ਦੇਸ਼ ਵਿਚ ਵੱਖ-ਵੱਖ ਕਮਿਊਟੀਆਂ ਨੂੰ ਵਿਕਾਸ ਕਰਨ ਲਈ ਇਸ ਦਾ ਲਾਭ ਮਿਲ ਸਕੇ।"

ਫ਼ੈੱਡਰਨ ਗੈਸ ਟੈਕਸ ਫ਼ੰਡ ਸੂਬੇ ਦੀਆਂ 600 ਕਮਿਊਨਿਟੀਆਂ ਦੇ ਵੱਖ-ਵੱਖ ਪ੍ਰਾਜੈੱਕਟਾਂ ਲਈ ਹਰ ਸਾਲ ਸਥਾਨਕ ਇਨਫ਼ਰਾ-ਸਟਰੱਕਚਰ ਲਈ ਫ਼ੰਡਿਗ ਪ੍ਰਦਾਨ ਕਰਦਾ ਹੈ। ਓਨਟਾਰੀਓ ਸੂਬੇ ਦੀਆਂ ਕਮਿਊਨਿਟੀਆਂ ਲਈ ਇਸ ਫ਼ੰਡਿਗ ਨਾਲ ਸੜਕਾਂ, ਪੁਲਾਂ, ਵੇਸਟ ਵਾਟਰ ਸਿਸਟਮ ਅਤੇ ਹੋਰ ਅਜਿਹੇ ਪ੍ਰੋਜੈਕਟਾਂ ਦਾ ਵਿਸਥਾਰ ਕੀਤਾ ਜਾਏਗਾ ਜਿਸ ਨਾਲ ਉਹ ਹੋਰ ਚੰਗੀ ਤਰ੍ਹਾਂ ਆਪਸ ਵਿਚ ਜੁੜ ਸਕਣਗੀਆਂ। 'ਕੈਨੇਡਾ ਪਲੈਨ' ਅਧੀਨ ਦੇਸ਼ ਵਿਚ ਪਬਲਿਕ ਟਰਾਂਜ਼ਿਟ ਨੂੰ ਵਧਾਉਣ ਅਤੇ ਗਰੀਨ ਇਨਫ਼ਰਾਸਟੱਕਚਰ ਤੇ ਸੋਸ਼ਲ ਇਨਫ਼ਰਾ-ਸਟਰੱਕਚਰ ਨੂੰ ਹੋਰ ਮਜ਼ਬੂਤ ਕਰਨ, ਵਿਉਪਾਰ ਤੇ ਟਰਾਂਸਪੋਰਟੇਸ਼ਨ ਰੂਟ ਵਧਾਉਣ ਅਤੇ ਕੈਨੇਡਾ ਦੇ ਪੇਂਡੂ ਤੇ ਨਾਰਦਰਨ ਕਮਿਊਨਿਟੀਆਂ ਦੇ ਵਿਕਾਸ ਲਈ ਕੈਨੇਡਾ ਸਰਕਾਰ ਆਉਂਦੇ 12 ਸਾਲਾਂ ਵਿਚ 180 ਬਿਲੀਅਨ ਡਾਲਰ ਨਿਵੇਸ਼ ਕਰੇਗੀ।

## ਬਰੈਂਪਟਨ ਦੇ 9-10 ਵਾਰਡ ਤੋਂ ਰਿਜਨਲ ਕੌਂਸਲਰ ਦੇ ਉਮੀਦਵਾਰ ਵਿਕੀ ਢਿਲੋਂ ਦੇ ਹੱਕ ਵਿੱਚ ਹਵਾ

(ਬਰੈਂਪਟਨ/ ਬਾਸੀ ਹਰਚੰਦ) 22 ਅਕਤੂਬਰ ਨੂੰ ਬਰੈਂਪਟਨ ਸਿਟੀ ਦੀਆਂ ਹੋ ਰਹੀਆਂ ਚੋਣਾਂ ਦਾ ਮਹੌਲ ਗਰਮਾਹਟ ਫੜ ਰਿਹਾ ਹੈ। ਦਰਵਾਜੇ ਤੇ ਦਸਤਖ ਅਤੇ ਨੁੱਕੜ ਮੀਟਿੰਗਾ ਦਾ ਸਿਲਸਲਾ ਜਾਰੀ ਹੈ। 9-10 ਵਾਰਡ ਦੇ ਕਾਫੀ ਲੋਕਾਂ ਨਾਲ ਗੱਲ ਬਾਤ ਤੋਂ ਪਤਾ ਚੱਲਦਾ ਹੈ ਕਿ ਲੋਕਾਂ ਦਾ ਕਾਫੀ ਝੁਕਾਉ ਵਿਕੀ ਢਿਲੋਂ ਨੂੰ ਰਿਜਨਲ ਕੌਂਸਲਰ ਲਈ ਸਿਟੀ ਵਿੱਚ ਭੇਜਣ ਦਾ ਮਨ ਹੈ। ਇਸ ਦਾ ਕਾਰਨ ਲੋਕ ਦੱਸਦੇ ਹਨ ਕਿ ਵਿਕੀ ਨੇ ਆਪਣੇ ਕੌਂਸਲਰ ਦੇ ਸਮੇਂ ਵਿੱਚ ਜੋ ਕੰਮ ਕੀਤੇ ਯਾਦ ਰੱਖਣ ਯੋਗ ਹੈ। ਉਹ ਕੰਮ ਗਿਣਾਉਂਦੇ ਦਸਦੇ ਹਨ ਕਿ ਪਹਿਲਾ ਜੋਖਮ ਭਰਿਆ ਕੰਮ ਨਸ਼ਿਆਂ ਦੇ ਖਿਲਾਫ ਜ਼ੋਰਦਾਰ ਅਵਾਜ਼ ਉਠਾਈ ਅਤੇ ਉਸ ਲਈ ਬੇ ਖੌਫ ਕੰਮ ਕੀਤਾ। ਦੂਜਾ ਕੰਮ ਬਜ਼ੁਰਗਾਂ ਲਈ ਬਸ ਸਫਰ ਵਾਸਤੇ ਟਿਕਟ ਇੱਕ ਡਾਰਲ ਕਰਵਾਈ ਜਿਸ ਨਾਲ ਬਜ਼ੁਰਗਾਂ ਨੂੰ ਸਫਰ ਕਰਨਾ ਸੌਖਾ ਹੋ ਗਿਆ। ਤੀਜਾ ਅਤਿ ਮਹੱਤਵ ਪੂਰਨ ਕੰਮ 9-10 ਵਾਰਡ ਵਿੱਚ ਸਿਟੀ ਦਾ ਵੱਡਾ ਪਰੋਜੈਕਟ ਗੋਰ ਮੀਡੋ ਲਾਇਬਰੇਰੀ ਅਤੇ ਕਮਉਨਿਟੀ ਸੈਂਟਰ ਮਨਜ਼ੂਰ ਕਰਾਇਆ। ਚੌਥਾ ਕੰਮ ਸਪਰਿੰਗਡੇਲ ਲਾਇਬ੍ਰੇਰੀ ਅਤੇ ਨੇਬਰਹੁਡ ਪਾਰਕ ਬਣਾਉਣਾ ਪਾਰਕ ਪੰਜਵਾ ਵੱਡਾ ਕੰਮ ਸੈਂਡਲਵੁਡ/ਬਰੈਮਲੀ ਇੰਟਰਸੈਕਸ਼ਨ ਤੇ ਬਣਦੇ ਘਰਾਂ ਨੂੰ ਰੋਕਣ ਵਿੱਚ ਲੋਕਾਂ ਦੇ ਹੱਕ ਵਿੱਚ ਰੋਲ ਅਦਾ ਕਰਨਾ। ਅਨੇਕਾਂ ਹੋਰ ਲੋਕਾਂ ਦੇ ਕੰਮ ਕੀਤੇ। ਇਸ ਤੋਂ ਉਪਰੰਤ ਲੋਕਾਂ ਵਿੱਚ ਵਿਚਰਣਾ ਹਰ ਫੋਨ ਦਾ ਜਵਾਬ ਦੇਣਾ ਲੋਕਾਂ ਨੂੰ ਸੌਖਿਆ ਮਿਲਣਾ। ਇਹ ਗੱਲਾਂ ਯਾਦ ਕਰਕੇ ਲੋਕ ਉਸ ਦੇ ਹੱਕ ਵਿੱਚ ਮਦਦ ਕਰਨ ਦੀਆਂ ਗੱਲਾਂ ਕਰਦੇ ਵੇਖੇ ਗਏ। ਦਿਨੋ ਦਿਨ ਲੋਕ ਵਿਕੀ ਢਿਲੋਂ ਦੀ ਮੁਹਿੰਮ ਵਿੱਚ ਸ਼ਾਮਲ ਹੋ ਰਹੇ ਹਨ। ਪਿਛਲੇ ਦਿਨੀਂ ਉਸ ਦੇ ਹੱਕ ਵਿੱਚ ਲੋਕਾਂ ਦਾ ਬਾਰੀ ਇਕੱਠ ਦੇਖਿਆ।

## ਇਸ ਵੀਕਐਂਡ ’ਤੇ ਮਾਣੋਂਗੇ ਪੰਜਾਬੀ ਨਾਟਕ ‘ਨਿਰਲੱਜ’



ਟਰਾਂਟੋ:- ‘ਛਿਪਣ ਤੋਂ ਪਹਿਲਾਂ’, ‘ਹਿੰਦ ਦੀ ਚਾਦਰ’, ‘ਤੂਤਾਂ ਵਾਲ਼ਾ ਖੂਹ’, ‘ਰਾਂਝੇ ਦਾ ਪੀ ਆਰ ਕਾਰਡ’, ਅਤੇ ‘ਮਿਰਚ ਮਸਾਲਾ’ ਵਰਗੇ ਕਾਮਯਾਬ ਨਾਟਕ ਕਰਨ ਤੋਂ ਬਾਅਦ ‘ਓਨਟੈਰੀਓ ਪੰਜਾਬੀ ਥੀਏਟਰ ਐਂਡ ਆਰਟਸ’ ਤੇ ‘ਫੁਲਕਾਰੀ ਮੀਡੀਆ’ ਇੱਕ ਵਾਰ ਫਿਰ ਮਿਲ਼ ਕੇ ਨਵਾਂ ਨਾਟਕ ‘ਨਿਰਲੱਜ’ ਕਰਨ ਜਾ ਰਹੇ ਨੇ। ਇਹ ਨਾਟਕ 30 ਸਤੰਬਰ ਨੂੰ ਦੁਪਹਿਰ 3.00 ਵਜੇ ਚਿੰਗਕੂਜੀ ਸੈਕੰਡਰੀ ਸਕੂਲ (1370 ਵਿਲੀਅਮਜ਼ ਪਾਰਕ ਵੇਅ, ਬਰੈਂਪਟਨ) ਵਿੱਚ ਹੋਵੇਗਾ ਜਿਸ ਵਿੱਚ ਨਾਟਕ ਜਗਤ ਦੀਆਂ ਜਾਣੀਆਂ ਪਛਾਣੀਆਂ ਹਸਤੀਆਂ ਲਵਲੀਨ, ਪਰਮਜੀਤ ਦਿਓਲ, ਕਮਲ ਸ਼ਰਮਾ, ਜੋਗੀ ਸੰਘੇੜਾ, ਅਮਨਦੀਪ ਗੁਜਰਾਲ, ਕੁਲਦੀਪ ਗਰੇਵਾਲ਼, ਰਾਜ ਪੰਨੂੰ, ਸ਼ਿੰਦਰਪਾਲ ਬਰਾੜ, ਬਲਜਿੰਦਰ ਦਿਓਲ, ਅਤੇ ਜਸਪਾਲ ਢਿੱਲੋਂ ਅਦਾਕਾਰੀ ਕਰਨ ਜਾ ਰਹੇ ਨੇ। ਜਸਪਾਲ ਢਿੱਲੋਂ ਦੀ ਨਿਰਦੇਸ਼ਨਾ ਹੇਠ ਹੋਣ ਜਾ ਰਿਹਾ ਅਤੇ ਕੈਨੇਡੀਅਨ ਪੰਜਾਬੀ ਲੇਖਕ ਅਜਮੇਰ ਰੋਡੇ ਦਾ ਲਿਖਿਆ ਨਾਟਕ ‘ਨਿਰਲੱਜ’ ਪੰਜਾਬੀ ਭਾਈਚਾਰੇ ਵਿੱਚਲੀਆਂ ਸਮਾਜਿਕ ਬੁਰਾਈਆਂ ਦੀ ਗੱਲ ਕਰਦਾ ਹੈ। ਜਸਪਾਲ ਢਿੱਲੋਂ ਨੇ ਦੱਸਿਆ ਕਿ ਇਸ ਨਾਟਕ ਦੀਆਂ ਤਿਆਰੀਆਂ ਪੂਰੇ ਜ਼ੋਰਾਂ ’ਤੇ ਚੱਲ ਰਹੀਆਂ ਨੇ। ਉਨ੍ਹਾਂ ਕਿਹਾ, “ਇਹ ਨਾਟਕ ਜਿੱਥੇ ਬਹੁਤ ਹੀ ਮਹੱਤਵਪੂਰਨ ਸੁਨੇਹਾ ਦੇਵੇਗਾ ਓਥੇ ਦੂਸ਼ਕਾਂ ਨੂੰ ਹਸਾਇਗਾ ਵੀ ਅਤੇ ਰਵਾਇਗਾ ਵੀ।” ਉਨ੍ਹਾਂ ਇਹ ਵੀ ਕਿਹਾ ਕਿ “ਮੇਰਾ ਦਾਅਵਾ ਹੈ ਕਿ ਸਾਡੇ ਦ੍ਰਸ਼ਕ ਇਸ ਪੇਸ਼ਕਾਰੀ ਤੋਂ ਪੂਰੇ ਸੰਤੁਸ਼ਟ ਹੋਣਗੇ।” ਇਸ ਨਾਟਕ ਦਾ ਸੰਗੀਤ ਜਾਣੀ-ਪਛਾਣੀ ਹਸਤੀ ਰਾਜ ਘੁੰਮਣ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਨਾਟਕ ਬਾਰੇ ਕੋਈ ਜਾਣਕਾਰੀ ਲੈਣ ਲਈ ਤੁਸੀਂ 416-564-9290,647-457-1320 ਜਾਂ 416-451-9290 ’ਤੇ ਫੋਨ ਕਰ ਸਕਦੇ ਹੋ।

## ਅੰਤਰਰਾਸ਼ਟਰੀ ਫੁੱਟਬਾਲ ਟੀਮ 'ਚ ਦੋ ਪੰਜਾਬੀ ਭਰਾ ਸ਼ਾਮਿਲ

*** ਫੀਜ਼ੀ ਵਿਖੇ ਦਸੰਬਰ ਵਿਚ ਹੋਣ ਵਾਲੇ ਫੁੱਟਬਾਲ ਕੱਪ ਲਈ ਮੈਨੁਕਾਓ ਸਿਟੀ ਕਲੱਬ ਟੀਮ ਦੀ ਚੋਣ**

*** ਅਰਸ਼ਦੀਪ ਪਰਮਾਰ ਅਤੇ ਹਰਸ਼ਿੱਲ ਪਰਮਾਰ ਨੇ ਬਣਾਈ ਥਾਂ**



ਆਕਲੈਂਡ 21 ਸਤੰਬਰ (ਹਰਜਿੰਦਰ ਸਿੰਘ ਬਸਿਆਲਾ) -ਇਸੇ ਸਾਲ ਦਸੰਬਰ ਮਹੀਨੇ ਫੀਜ਼ੀ ਵਿਖੇ ਹੋਣ ਵਾਲੇ ਫੁੱਟਬਾਲ ਕੱਪ ਦੇ ਲਈ ਨਿਊਜ਼ੀਲੈਂਡ ਤੋਂ ਇਕੋ-ਇਕ ਟੀਮ 'ਮੈਨੁਕਾਓ ਸਿਟੀ ਕਲੱਬ' ਦੀ ਜਾ ਰਹੀ ਹੈ। ਅੰਡਰ-16 ਅੰਤਰਰਾਸ਼ਟਰੀ ਮੈਚ ਖੇਡਣ ਵਾਸਤੇ 8 ਵੱਖ-ਵੱਖ ਫੁੱਟਬਾਲ ਕਲੱਬਾਂ ਦੇ ਸਿਰਕੱਢ ਖਿਡਾਰੀਆਂ ਦੀ ਚੋਣ ਕੀਤੀ ਗਈ ਹੈ, ਜਿਸ ਦੇ ਵਿਚ ਦੋ ਪੰਜਾਬੀ ਭਰਾਵਾਂ ਅਰਸ਼ਦੀਪ ਪਰਮਾਰ ਅਤੇ ਹਰਸ਼ਿੱਲ ਪਰਮਾਰ ਨੇ ਆਪਣੀ ਪੱਕੀ ਥਾਂ ਬਣਾਉਂਦਿਆਂ ਪੰਜਾਬੀ ਨੌਜਵਾਨਾਂ ਲਈ ਉਦਾਹਰਣ ਪੇਸ਼ ਕੀਤੀ ਹੈ। ਇਹ ਦੋਵੇਂ ਭਰਾ ਦਸੰਬਰ ਮਹੀਨੇ ਫੀਜ਼ੀ ਖੇਡਣ ਜਾਣਗੇ। ਪਿਤਾ ਸ. ਬਲਜੀਤ ਸਿੰਘ ਪਰਮਾਰ ਅਤੇ ਮਾਤਾ ਮਮਤਾ ਪਰਮਾਰ ਦੇ ਦੋਵੇਂ ਬੇਟੇ ਫੁੱਟਬਾਲ ਦੇ ਵਿਚ ਹੁਣ ਤੱਕ ਕਾਫੀ ਪ੍ਰਾਪਤੀਆਂ ਕਰ ਚੁੱਕੇ ਹਨ। ਅਰਸ਼ਦੀਪ ਓਰਮਿਸਟਨ ਸੀਨੀਅਰ ਕਾਲਜ 'ਚ 11 ਵੇਂ ਸਾਲ ਦਾ ਵਿਦਿਆਰਥੀ ਹੈ ਜਦ ਕਿ ਹਰਸ਼ਿੱਲ ਮਿਸ਼ਨ ਹਾਈਟ ਸਕੂਲ ਵਿਖੇ 10ਵੇਂ ਸਾਲ ਦਾ ਵਿਦਿਆਰਥੀ ਹੈ। ਅਰਸ਼ਦੀਪ ਪਰਮਾਰ ਫੈਂਸੀਬਲ ਯੁਨਾਈਟਡ ਹਾਵਕ ਲਈ 8 ਸਾਲਾਂ ਤੋਂ ਖੇਡ ਰਿਹਾ ਹੈ ਅਤੇ ਬਹੁਤ ਵਾਰ 'ਪਲੇਅਰ ਆਫ ਦਾ ਯੀਅਰ' ਟ੍ਰਾਫੀ ਜਿੱਤ ਚੁੱਕਾ ਹੈ। ਇਸੀ ਤਰ੍ਹਾਂ ਹਰਸ਼ਿਲ ਪਰਮਾਰ ਵੀ ਇਸੇ ਕੱਲਬ ਲਈ 7 ਸਾਲ ਤੋਂ ਖੇਡ ਰਿਹਾ ਹੈ ਅਤੇ ਉਸਨੇ ਵੀ ਕਈ ਵਾਰ 'ਪਲੇਅਰ ਆਫ ਦਾ ਯੀਅਰ' ਟ੍ਰਾਫੀ ਜਿੱਤੀ ਹੈ। ਇਸ ਸਾਲ ਦੋਵਾਂ ਨੇ ਮੈਨੁਕਾਓ ਸਿਟੀ ਕਲੱਬ (16 ਮੈਟਰੋ) ਲਈ ਖੇਡਿਆ ਅਤੇ ਅਰਸ਼ਦੀਪ ਨੇ ਫਿਰ 'ਪਲੇਅਰ ਆਫ ਦਾ ਯੀਅਰ' ਟ੍ਰਾਫੀ ਜਿੱਤੀ। ਇਨ੍ਹਾਂ ਪ੍ਰਾਪਤੀਆਂ ਅਤੇ ਹੁਨਰ ਕਰਕੇ ਹਰਸ਼ਿੱਲ ਆਪਣੇ ਤੋਂ ਦੋ ਉਪਰਲੇ ਗ੍ਰੇਡ ਦੇ ਵਿਚ ਖੇਡ ਰਿਹਾ ਹੈ। ਦੋਹਾਂ ਮੁੰਡਿਆਂ ਨੇ ਆਖਿਆ ਕਿ ਫੁੱਟਬਾਲ ਉਨ੍ਹਾਂ ਦੇ ਖੂਨ ਵਿਚ ਵਸ ਗਿਆ ਹੈ ਅਤੇ ਉਹ ਇਸ ਖੇਡ ਨੂੰ ਪੂਰੀ ਤਨਦੇਹੀ ਨਾਲ ਖੇਡਣਗੇ ਅਤੇ ਭਾਈਚਾਰੇ ਦਾ ਨਾਂਅ ਚਮਕਾਉਣਗੇ। ਮਾਪਿਆਂ ਵੱਲੋਂ ਵੀ ਇਹ ਖੁਸ਼ੀ ਭਾਈਚਾਰੇ ਨਾਲ ਸਾਂਝੀ ਕੀਤੀ ਗਈ ਹੈ। ਸ਼ਾਲਾ! ਇਹ ਪੰਜਾਬੀ ਮੁੰਡੇ ਭਾਈਚਾਰੇ ਦਾ ਨਾਂਅ ਚਮਕਾਉਣ।

## ਨਿਊਜ਼ੀਲੈਂਡ ’ਚ 20 ਸਾਲਾ ਕੀਵੀ ਪੰਜਾਬੀ ਕੁੜੀ ਸ਼ੈਰੋਨਦੀਪ ਵੜੈਚ ਬਣੀ ਜ਼ੇਲ੍ਹ ਅਫਸਰ



ਆਕਲੈਂਡ, 26 ਸਤੰਬਰ (ਹਰਜਿੰਦਰ ਸਿੰਘ ਬਸਿਆਲਾ) -ਨਿਊਜ਼ੀਲੈਂਡ ਜਨਮੀ ਪੰਜਾਬੀ ਪੀੜ੍ਹੀ ਆਪਣੀ ਸਫਲਤਾ ਦੀ ਪੌੜੀ ਉਸੇ ਗਤੀ ਦੇ ਨਾਲ ਚੜ੍ਹਦੀ ਨਜ਼ਰ ਆਉਂਦੀ ਹੈ ਜਿਸ ਰਫਤਾਰ ਦੇ ਨਾਲ ਇਥੇ ਦੇ ਮੂਲ ਲੋਕ ਆਪਣੀਆਂ ਪ੍ਰਾਪਤੀਆਂ ਤੱਕ ਪਹੁੰਚਦੇ ਹਨ। ਹੁਣ ਇਥੇ ਜਨਮੀ ਇਕ ਪੰਜਾਬੀ ਕੁੜੀ ਸ਼ੈਰੋਨਦੀਪ ਵੜੈਚ ਨੇ 20 ਸਾਲ ਦੀ ਉਮਰ ਵਿਚ ਹੀ ਆਪਣੀ ਪੜ੍ਹਾਈ ਦੇ ਨਾਲ-ਨਾਲ 'ਕੋਰੈਕਸ਼ਨ ਅਫਸਰ' ਦੀ ਨੌਕਰੀ ਪ੍ਰਾਪਤ ਕਰਕੇ ਆਪਣੇ ਬੁਲੰਦ ਹੌਂਸਲੇ ਅਤੇ ਚੁਣੌਤੀ ਭਰੇ ਰੋਲ ਨੂੰ ਸਵੀਕਾਰ ਕੀਤਾ ਹੈ। ਸ. ਰਣਜੀਤ ਸਿੰਘ ਬਸਰਾ ਅਤੇ ਸ੍ਰੀਮਤੀ ਮਨਜੀਤ ਕੌਰ ਬਸਰਾ ਦੀ ਇਹ ਛੋਟੀ ਧੀ ਇਸ ਵੇਲੇ ਏ.ਯੂ.ਟੀ. ਤੋਂ ਕ੍ਰੀਮਲੋਜੀ ਦੀ ਪੜ੍ਹਾਈ ਜਾਰੀ ਰੱਖ ਰਹੀ ਹੈ। ਗਿਧੇ ਅਤੇ ਭੰਗੜੇ ਦੇ ਵਿਚ ਵੀ ਇਹ ਕੁੜੀ ਪੂਰਾ ਭਾਗ ਲੈਂਦੀ ਹੈ ਅਤੇ ਸਾਂਝ ਗਰੁੱਪ ਦੇ ਨਾਲ ਜੁੜੀ ਹੋਈ ਹੈ। ਚੰਗੀ ਤਰ੍ਹਾਂ ਪੰਜਾਬੀ ਬੋਲਣ ਵਾਲੀ ਇਹ ਕੁੜੀ ਆਪਣੇ ਪਿੰਡ ਕਠਾਰ (ਜਲੰਧਰ) ਵੀ ਅਕਸਰ ਜਾਂਦੀ ਰਹਿੰਦੀ ਹੈ। ਇਸ ਕੁੜੀ ਦੇ ਪਿਤਾ ਜੀ ਇਥੇ ਲਗਪਗ 45 ਸਾਲ ਤੋਂ ਰਹਿ ਰਹੇ ਹਨ ਅਤੇ ਇਥੇ ਬਿਜ਼ਨਸ ਕਰਦੇ ਹਨ। ਸ਼ੈਰੋਨਦੀਪ ਦਾ ਪਤੀ ਪ੍ਰਭ ਵੜੈਚ ਇਥੇ ਹੀ ਉਸਦੇ ਨਾਲ ਰਹਿ ਰਿਹਾ ਹੈ।

ਪੰਜਾਬੀ ਭਾਈਚਾਰੇ ਵੱਲੋਂ ਪੰਜਾਬੀ ਕੁੜੀ ਸ਼ੈਰੋਨਦੀਪ ਵੜੈਚ ਨੂੰ ਲੱਖ-ਲੱਖ ਵਧਾਈ!


Run your Limo Business Like Uber

Powerful Managment Software and Apps at affordable Price.

Manage Everthing From Your Computer, Tablet or Phone. Simplifying Quoting, Reservations, Dispatching, Invoicing, Credit Card Payments.

* Driver App
* Customer App
* Website
* Admin Panel Dashboard
* Company Listing in the Network for Rides

Contact:

govisioninfo@gmail.com

ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ

INVEST FOR SMART RETURN IN INDIA

SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSPITALS FOR SMART & SAFE RETURNS

Bhalla: 91-9316255513 | Bhullar: 905.453.0000

For More Details www.conceptindiaservices.com

For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ

- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL

LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



# ਸੰਪਾਦਕੀ

## ਘੱਟੋ ਘੱਟ ਵੇਤਨ ਵਿੱਚ ਵਾਧੇ ਉੱਤੇ ਰੋਕ ਦਾ ਮਾਮਲਾ?

ਉਂਟੇਰੀਓ ਦੀ ਕੰਜ਼ਰਵੇਟਿਵ ਸਰਕਾਰ ਨੇ ਕੱਲ ਐਲਾਨ ਕੀਤਾ ਕਿ 2019 ਵਿੱਚ ਲਾਗੂ ਹੋਣ ਵਾਲੇ ਘੱਟੋ ਘੱਟ ਵੇਤਨ ਵਿੱਚ ਹੋਣ ਵਾਲੇ ਵਾਧੇ ਨੂੰ ਅਮਲ ਵਿੱਚ ਨਹੀਂ ਲਿਆਂਦਾ ਜਾਵੇਗਾ। ਪਿਛਲੀ ਲਿਬਰਲ ਸਰਕਾਰ ਨੇ 1 ਜਨਵਰੀ 2018 ਤੋਂ ਘੱਟੋ ਘੱਟ ਵੇਤਨ ਨੂੰ 11.60 ਡਾਲਰ ਪ੍ਰਤੀ ਘੰਟਾ ਤੋਂ ਯਕਦਮ ਚੁੱਕ ਕੇ 14 ਡਾਲਰ ਪ੍ਰਤੀ ਘੰਟਾ ਕਰ ਦਿੱਤਾ ਸੀ। ਲਿਬਰਲ ਸਰਕਾਰ ਦੇ ਇਸ ਲੋੜੋਂ ਵੱਧ ਲਿਬਰਲ ਕਦਮ ਦੇ ਸਿੱਟਿਆਂ ਬਾਰੇ ਉਸ ਵੇਲੇ ਗੰਭੀਰ ਚਰਚਾ ਛਿੜੀ ਸੀ। ਇੱਕ ਧੜਾ ਇਸ ਵਾਧੇ ਦੇ ਹੱਕ ਵਿੱਚ ਸੀ ਜਿਸ ਵਿੱਚ ਸੁਭਾਵਿਕ ਹੈ ਕਿ ਵਰਕਰ ਅਤੇ ਵਰਕਰਾਂ ਦੀਆਂ ਯੂਨੀਅਨਾਂ ਸ਼ਾਮਲ ਸਨ। ਦੂਜੇ ਪਾਸੇ ਕੰਜ਼ਰਵੇਟਿਵ ਪਾਰਟੀ ਅਤੇ ਛੋਟੇ ਬਿਜਨਸ ਸਨ ਜੋ ਇਸ ਵਾਧੇ ਦੇ ਖਿਲਾਫ ਸਨ। ਦੋਵੇਂ ਪੱਖਾਂ ਦੇ ਆਪੋ ਆਪਣੇ ਤਰਕ ਹਨ ਕਿਉਂਕਿ ਉਂਟੇਰੀਓ ਵਿੱਚ ਗਰੀਬੀ ਦੀ ਦਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਪਰ ਗਰੀਬੀ ਦਾ ਪੱਕਾ ਹੱਲ ਘੱਟੋ ਘੱਟ ਵੇਤਨ ਵਿੱਚ ਵਾਧਾ ਨਹੀਂ ਸਗੋਂ ਰੁਜ਼ਗਾਰ ਦੇ ਨਵੇਂ ਅਤੇ ਬਿਹਤਰ ਅਵਸਰ ਪੈਦਾ ਕਰਨਾ ਹੈ। ਪੜੇ ਲਿਖੇ, ਅੰਤਰਰਾਸ਼ਟਰੀ ਉੱਚ ਵਿੱਦਿਆ ਹਾਸਲ ਅਤੇ ਅਨੁਭਵੀ ਨਵੇਂ ਇੰਮੀਗਰਾਂਟਾਂ ਤੋਂ ਵੱਧ ਇਸ ਸੱਚਾਈ ਨੂੰ ਕੋਈ ਨਹੀਂ ਜਾਣ ਸਕਦਾ ਜਿਹਨਾਂ ਨੂੰ ਜਿਆਦਾ ਕਰਕੇ ਘੱਟ ਘੱਟ ਵੇਤਨ ਵਾਲੀਆਂ ਨੌਕਰੀਆਂ ਉੱਤੇ ਸਬਰ ਕਰਨਾ ਪੈਂਦਾ ਹੈ। ਬਰੈਂਪਟਨ ਸਮੇਤ ਇੰਮੀਗਰਾਂਟਾਂ ਦੀ ਬਹੁਤਾਤ ਵਾਲੇ ਇਲਾਕਿਆਂ ਵਿੱਚ ਵੱਡੇ ਵੇਅਰਹਾਊਸਾਂ ਦਾ ਧੜਾ ਧੜ ਖੁੱਲਣਾ ਇਸਦੀ ਮਿਸਾਲ ਆਖੀ ਜਾ ਸਕਦੀ ਹੈ ਜਿੱਥੇ ਪੜੇ ਲਿਖਿਆਂ ਦੀਆਂ ਧਾੜਾਂ ਦੀਆਂ ਧਾੜਾਂ ਵੇਅਰਹਾਊਸਾਂ ਵਿੱਚ ਸਿਰ ਖਪਾਈ ਕਰਦੀਆਂ ਹਨ।

ਲਿਬਰਲ ਸਰਕਾਰ ਵੱਲੋਂ ਘੱਟ ਘੱਟ ਵੇਤਨ ਵਿੱਚ ਅਚਾਨਕ 20% ਦੇ ਕਰੀਬ ਵਾਧਾ ਕਰਨਾ ਕਿਸੇ ਵੀ ਤਰਕ ਦੀ ਸ੍ਹਾਣ ਉੱਤੇ ਖਰ੍ਹਾ ਨਹੀਂ ਸੀ ਉੱਤਰਦਾ। ਇਸ ਵਾਧੇ ਤੋਂ ਪ੍ਰਭਾਵਤ ਹੋਣ ਵਾਲੇ ਸਮਾਲ ਬਿਜਸਨ ਵੀ ਜ਼ਿਆਦਾਕਰਕੇ ਨਵੇਂ ਇੰਮੀਗਰਾਟਾਂ ਵੱਲੋਂ ਚਲਾਏ ਜਾਂਦੇ ਹਨ। ਕਾਰਣ ਕਿ ਆਪਣੀ ਵਿੱਦਿਆ ਅਤੇ ਲਿਆਕਤ ਦੇ ਖੇਤਰ ਵਿੱਚ ਨੌਕਰੀਆਂ ਨਾ ਮਿਲਣ ਤੋਂ ਪਰੇਸ਼ਾਨ ਉਹ ਸਮਾਲ ਬਿਜਨਸ ਖੋਲਣ ਨੂੰ ਤਰਜੀਹ ਦੇਂਦੇ ਹਨ। ਜੇ ਇੰਮੀਗਰਾਂਟਾਂ ਦੇ ਨੁਕਤੇ ਨਜ਼ਰ ਤੋਂ ਵੇਖਿਆ ਜਾਵੇ ਤਾਂ ਘੱਟੋ ਘੱਟ ਤਨਖਾਹ ਵਿੱਚ ਵਾਧੇ ਦਾ ਮੁੱਦਾ ਦੋ ਧਾਰੀ ਤਲਵਾਰ ਵਰਗਾ ਹੈ। ਵਾਧੇ ਤੋਂ ਲਾਭ ਹਾਸਲ ਕਰਨ ਵਾਲੇ ਵੀ ਇੰਮੀਗਰਾਂਟ ਹਨ ਅਤੇ ਇਸਤੋਂ ਨੁਕਸਾਨ ਚੁੱਕਣ ਵਾਲੇ ਵੀ ਇੰਮੀਗਰਾਂਟ। ਵੈਸੇ ਟਿਮ ਹੌਰਟਨ ਅਤੇ ਮੈਨਡੋਨਾਲਡ ਵਰਗੇ ਵੱਡੇ ਬਿਜਨਸ ਵੀ ਘੱਟ ਘੱਟ ਉਜਰਤ ਵਿੱਚ ਵਾਧੇ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹੇ। ਚੇਤੇ ਰਹੇ ਕਿ ਘੱਟੋ ਘੱਟ ਵੇਤਨ ਵੱਧਣ ਤੋਂ ਇੱਕ ਮਹੀਨਾ ਅੰਦਰ ਹੀ ਟਿਮ ਹੌਰਟਨ ਨੇ ਆਪਣੀਆਂ ਵਸਤਾਂ ਦੇ ਰੇਟਾਂ ਵਿੱਚ 10% ਤੋਂ 20% ਦਾ ਵਾਧਾ ਕਰ ਦਿੱਤਾ ਸੀ।

ਰਾਜਨੀਤਕ ਸਮੱਸਿਆਵਾਂ ਦੀ ਸਮੱਸਿਆ ਇਹ ਹੁੰਦੀ ਹੈ ਕਿ ਉਹ ਹਰ ਮਸਲੇ ਨੂੰ 'ਬਲੈਕ ਐਂਡ ਵ੍ਹਾਈਟ' ਵਿੱਚ ਹੀ ਵੇਖਦੀਆਂ ਹਨ। ਭਾਵ ਜਾਂ ਤੁਸੀਂ ਕਿਸੇ ਗੱਲ ਦੇ ਖਿਲਾਫ ਹੁੰਦੇ ਹੋ ਜਾਂ ਹੱਕ ਵਿੱਚ। ਮਿਸਾਲ ਵਜੋਂ ਜਿਸ ਵੇਲੇ ਲਿਬਰਲ ਸਰਕਾਰ ਨੇ ਘੱਟ ਘੱਟ ਵੇਤਨ ਵਿੱਚ ਵਾਧਾ ਕੀਤਾ ਸੀ ਤਾਂ ਇਸਦੇ ਹੱਕ ਜਾਂ ਵਿਰੋਧ ਵਿੱਚ ਖੜਨ ਵਾਲੇ ਉਹੀ ਲੋਕ ਹਨ ਜੋ ਅੱਜ ਹਨ।

ਡੱਗ ਫੋਰਡ ਸਰਕਾਰ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਗਰੀਬੀ ਵਿੱਚ ਦਿਨ ਬਿਤਾ ਰਹੇ ਪਰਿਵਾਰਾਂ ਨੂੰ ਇਸ ਫੈਸਲੇ ਕਾਰਣ ਹੋਣ ਵਾਲੇ ਨੁਕਸਾਨ ਦਾ ਖੱਪਤਾ ਟੈਕਸ ਵਿੱਚ ਛੋਟ ਦੇ ਕੇ ਪੂਰਾ ਕੀਤਾ ਜਾਵੇਗਾ। ਤਜਵੀਜ਼ ਇਹ ਹੈ ਕਿ 30 ਹਜ਼ਾਰ ਡਾਲਰ ਤੱਕ ਸਾਲਾਨਾ ਆਮਦਨ ਉੱਤੇ ਉਂਟੇਰੀਓ ਸਰਕਾਰ ਵੱਲੋਂ ਟੈਕਸ ਨਹੀਂ ਲਾਇਆ ਜਾਵੇਗਾ। ਮਾਹਰਾਂ ਦਾ ਆਖਣਾ ਹੈ ਕਿ ਆਮਦਨ ਟੈਕਸ ਵਿੱਚ ਛੋਟ ਅਸਲ ਵੇਤਨ ਵਿੱਚ ਵਾਧੇ ਦਾ ਬਦਲ ਨਹੀਂ ਹੈ।

ਘੱਟੋ ਘੱਟ ਵੇਤਨ ਵਿੱਚ ਵਾਧੇ ਦਾ ਸੱਭ ਤੋਂ ਮਾੜਾ ਪ੍ਰਭਾਵ ਸਕੂਲਾਂ ਵਿੱਚ ਪੜਦੇ ਯੂਥ ਉੱਤੇ ਪੈਂਦਾ ਹੈ ਜਿਹਨਾਂ ਨੇ ਹਾਈ ਸਕੂਲ ਵਿੱਚ ਪੜਨ ਦੌਰਾਨ ਆਪਣੇ ਜੀਵਨ ਦੀ ਪਹਿਲੀ ਜੌਬ ਆਰੰਭ ਕਰਨੀ ਹੁੰਦੀ ਹੈ। ਵਧੀਆਂ ਉਜਰਤਾਂ ਦਰਾਂ ਦੇ ਦੌਰ ਵਿੱਚ ਬਹੁਤ ਘੱਟ ਰੁਜ਼ਗਾਰਦਾਤਾ ਹੁੰਦੇ ਹਨ ਜੋ ਗੈਰਅਨੁਭਵੀ ਸਕੂਲੀ ਬੱਚਿਆਂ ਵਿੱਚ ਨਿਵੇਸ਼ ਕਰਨ ਦੀ ਹਿੰਮਤ ਰੱਖਦੇ ਹੋਣ। ਵੇਖਣ ਵਿੱਚ ਆਇਆ ਹੈ ਕਿ ਪਿਛਲੇ ਸਾਲ ਘੱਟੋ ਘੱਟ ਵੇਤਨ ਵਿੱਚ ਹੋਏ ਵਾਧੇ ਕਾਰਣ ਟਿਮ ਹਾਰਟਨ ਜਾਂ ਹੋਰ ਅਦਾਰਿਆਂ ਵਿੱਚ ਨਿੱਕੀ ਉਮਰ ਦੇ ਮੁਲਾਜ਼ਮਾਂ ਨੂੰ ਨੌਕਰੀ ਮਿਲਣੀ ਮੁਸ਼ਕਲ ਹੋ ਗਈ। ਮਾਪੇ ਇਹ ਰੋਸ ਕਰਦੇ ਵੇਖੇ ਗਏ ਕਿ ਉਹਨਾਂ ਦੇ ਬੱਚਿਆਂ ਨੂੰ ਮਿਲਣ ਵਾਲੀਆਂ ਨੌਕਰੀਆਂ ਨੂੰ ਪ੍ਰੌੜ ਉਮਰ ਦੇ ਪਰਵਾਸੀ ਕਿਉਂ ਖਾਈ ਜਾ ਰਹੇ ਹਨ। ਸੋ ਸਿਆਸੀ ਗਲਤੀਆਂ ਦਾ ਮਾਮਲਾ ਇੱਕ ਲੋੜਵੰਦ ਗੁੱਟ ਦਾ ਦੂਜੇ ਲੋੜਵੰਦ ਗਰੁੱਪ ਪ੍ਰਤੀ ਖਾਰ ਖਾਣ ਵਿੱਚ ਤਬਦੀਲ ਹੋ ਜਾਂਦਾ ਹੈ ਜਦੋਂ ਕਿ ਦੋਵੇਂ ਇਸ ਸਥਿਤੀ ਲਈ ਜੁੰਮੇਵਾਰ ਨਹੀਂ ਹਨ।

# ਟਰੂਡੋ ਨਾਲ ਨਾਫਟਾ ਸਬੰਧੀ ਮੁਲਾਕਾਤ ਰੱਦ ਕਰਨ ਦਾ ਟਰੰਪ ਨੇ ਕੀਤਾ ਖੁਲਾਸਾ

...ਪੰਨਾ 1 ਦਾ ਬਾਕੀ

ਟਰੰਪ ਨੇ ਆਖਿਆ ਕਿ ਜੇ ਕੈਨੇਡਾ ਸਾਡੇ ਨਾਲ ਨਾਫਟਾ ਡੀਲ ਸਿਰੇ ਨਹੀਂ ਚੜ੍ਹਾ ਸਕੇਗਾ ਤਾਂ ਨਵੇਂ ਆਟੋ ਟੈਕਸ ਲਾ ਕੇ ਆਪਣੀਆਂ ਤਿਜੋਰੀਆਂ ਭਰਨ ਵਿੱਚ ਸਾਨੂੰ ਖੁਸ਼ੀ ਹੀ ਹੋਵੇਗੀ। ਅਸੀਂ ਉਨ੍ਹਾਂ ਕਾਰਾਂ ਉੱਤੇ ਟੈਕਸ ਲਾਵਾਂਗੇ ਜਿਹੜੀਆਂ ਸਾਡੇ ਦੇਸ਼ ਆਉਣਗੀਆਂ। ਕਈ ਵਾਰੀ ਟਰੰਪ ਨੇ ਨਾਫਟਾ ਸਬੰਧੀ ਗੱਲਬਾਤ ਉੱਤੇ ਵੀ ਗੰਭੀਰ ਸ਼ੱਕ ਪ੍ਰਗਟਾਇਆ। ਉਨ੍ਹਾਂ ਆਖਿਆ ਕਿ ਉਹ ਕੈਨੇਡਾ ਦੀ ਗੱਲਬਾਤ ਤੇ ਗੱਲਬਾਤ ਕਰਨ ਦੇ ਢੰਗ ਤੋਂ ਕਾਫੀ ਨਾਖੁਸ਼ ਹਨ। ਉਨ੍ਹਾਂ ਦੋਸ਼ ਲਾਇਆ ਕਿ ਬੜੇ ਹੀ ਗਲਤ ਢੰਗ ਨਾਲ ਕੈਨੇਡਾ ਅਮਰੀਕਾ ਨਾਲ ਵਿਵਹਾਰ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਦੀ ਡੇਅਰੀ ਇੰਡਸਟਰੀ ਕਾਰਨ ਵਿਸਕੌਨਸਿਨ ਤੇ ਨਿਊ ਯੌਰਕ ਦੇ ਕਿਸਾਨਾਂ ਨੂੰ ਕਾਫੀ ਨੁਕਸਾਨ ਝੱਲਣਾ ਪੈ ਰਿਹਾ ਹੈ। ਟਰੰਪ ਨੇ ਆਖਿਆ ਕਿ ਇਸ ਮਾਮਲੇ ਵਿੱਚ ਕੈਨੇਡਾ ਨੂੰ ਅਜੇ ਕਾਫੀ ਲੰਮਾਂ ਸਫਰ ਤੈਅ ਕਰਨਾ ਹੋਵੇਗਾ। ਉਨ੍ਹਾਂ ਆਖਿਆ ਕਿ ਉਹ ਬੜੀ ਇਮਾਨਦਾਰੀ ਨਾਲ ਇਹ ਦੱਸ ਰਹੇ ਹਨ ਕਿ ਕੈਨੇਡੀਅਨ ਵਾਰਤਾਕਾਰਾਂ ਨਾਲ ਸਾਡਾ ਰਾਬਤਾ ਨਹੀਂ ਬਣ ਰਿਹਾ। ਕੈਨੇਡਾ ਦੀ ਨਾਫਟਾ ਟੀਮ ਦੀ ਗੱਲ ਕਰਦਿਆਂ ਟਰੰਪ ਨੇ ਆਖਿਆ ਕਿ ਅਸੀਂ ਉਨ੍ਹਾਂ ਦੇ ਨੁਮਾਇੰਦਿਆਂ ਨੂੰ ਬਹੁਤਾ ਪਸੰਦ ਨਹੀਂ ਕਰਦੇ।

ਇਹ ਸਪਸ਼ਟ ਨਹੀਂ ਹੋ ਸਕਿਆ ਕਿ ਟਰੰਪ ਖਾਸਤੌਰ ਉੱਤੇ ਕਿਹੜੇ ਨੁਮਾਇੰਦੇ ਦੀ ਗੱਲ ਕਰ ਰਹੇ ਸਨ। ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਦੀ ਅਗਵਾਈ ਵਿੱਚ ਕੈਨੇਡਾ ਦੇ ਵਾਰਤਾਕਾਰਾਂ ਦੀ ਟੀਮ ਨਾਫਟਾ ਸਬੰਧੀ ਗੱਲਬਾਤ ਕਰ ਰਹੀ ਹੈ। ਟਰੰਪ ਨੇ ਆਖਿਆ ਕਿ ਜੇ ਨਵੀਂ ਡੀਲ ਹੁੰਦੀ ਵੀ ਹੈ ਤਾਂ ਉਹ ਉਸ ਨੂੰ ਨਾਫਟਾ ਨਾਂ ਦੇਣਾ ਸਹੀ ਨਹੀਂ ਸਮਝਦੇ ਕਿਉਂਕਿ ਉਨ੍ਹਾਂ ਨੂੰ ਇਹ ਕਦੇ ਪਸੰਦ ਹੀ ਨਹੀਂ ਸੀ। ਉਨ੍ਹਾਂ ਆਖਿਆ ਕਿ ਇਸ ਦੀ ਥਾਂ ਉਸ ਨੂੰ ਯੂਐਸ-ਐਮ-ਸੀ (ਯੂਨਾਈਟਿਡ ਸਟੇਟਸ, ਮੈਕਸਿਕੋ ਤੇ ਕੈਨੇਡਾ) ਆਖਿਆ ਜਾ ਸਕਦਾ ਹੈ। ਪਰ ਇਹ ਡੀਲ ਦੀਆਂ ਸ਼ਰਤਾਂ ਉੱਤੇ ਨਿਰਭਰ ਹੋਵੇਗਾ। ਉਨ੍ਹਾਂ ਆਖਿਆ ਕਿ ਹੋ ਸਕਦਾ ਹੈ ਕਿ ਇੱਕਲਾ ਯੂਐਸ-ਐਮ ਹੀ ਰਹਿ ਜਾਵੇ।

ਪੰਜਾਬੀ ਪੋਸਟ
Canadian Punjabi Post

**Head Office**
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਬੈਂਕ ਖਾਤੇ, ਸਕੂਲ, ਟੈਲੀਕਾਮ ਸੇਵਾਵਾਂ ਲਈ ਆਧਾਰ ਨੰਬਰ ਜ਼ਰੂਰੀ ਨਹੀਂ : ਸੁਪਰੀਮ ਕੋਰਟ

...ਪੰਨਾ 1 ਦਾ ਬਾਕੀ

ਵਰਨਣ ਯੋਗ ਹੈ ਕਿ ਅਧਾਰ ਕਾਰਡ ਦੇ ਜਾਇਜ਼ ਹੋਣ ਨੂੰ ਚੁਣੌਤੀ ਦੇਣ ਵਾਲੀਆਂ 27 ਪਟੀਸ਼ਨਾਂ ਉੱਤੇ ਕਰੀਬ ਚਾਰ ਮਹੀਨੇ ਤੋਂ ਬਹਿਸ ਚੱਲ ਰਹੀ ਸੀ। ਲੰਮੀ ਬਹਿਸ ਦੇ ਬਾਅਦ ਸੁਪਰੀਮ ਕੋਰਟ ਨੇ ਮਈ ਵਿੱਚ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ। ਇਸ ਕੇਸ ਦੀ ਸੁਣਵਾਈ ਜਨਵਰੀ 'ਚ ਸ਼ੁਰੂ ਹੋਈ ਤੇ ਕਰੀਬ 38 ਦਿਨਾਂ ਤੱਕ ਇਹ ਸੁਣਵਾਈ ਚਲੀ ਸੀ। ਚੀਫ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੇ ਪੰਜ ਜੱਜਾਂ ਦਾ ਬੈਂਚ ਇਸ ਕੇਸ ਦੀ ਸੁਣਵਾਈ ਕਰ ਰਿਹਾ ਹੈ। ਅਦਾਲਤ ਨੇ ਕਿਹਾ ਕਿ ਅੱਗੋਂ ਕੇਂਦਰ ਸਰਕਾਰ ਇਹ ਵੀ ਫੈਸਲਾ ਕਰੇਗੀ ਕਿ ਕੀ ਆਧਾਰ ਕਾਰਡ ਸੀਕਰੇਸੀ ਦੇ ਕਾਨੂੰਨ ਦਾ ਉਲੰਘਣ ਹੈ, ਜਿਹੜਾ ਸੰਵਿਧਾਨ ਦੇ ਮੁਤਾਬਕ ਕਿਸੇ ਵੀ ਨਾਗਰਿਕ ਦਾ ਮੁੱਢਲਾ ਅਧਿਕਾਰ ਹੈ।

ਸਰਕਾਰ ਨੇ ਵੈਲਫੇਅਰ ਸਕੀਮਾਂ ਦੇ ਲਾਭਾਂ ਲਈ ਆਧਾਰ ਨੰਬਰ ਨੂੰ ਲਾਜ਼ਮੀ ਕੀਤਾ ਸੀ ਤੇ ਬੈਂਕ ਖਾਤਾ, ਖੋਲ੍ਹਣ, ਪੈਨ ਕਾਰਡ ਬਣਾਉਣ, ਫੋਨ ਸਰਵਿਸ, ਪਾਸ-ਪੋਰਟ ਤੇ ਡਰਾਇਵਿੰਗ ਲਾਇਸੈਂਸ ਬਣਵਾਉਣ ਲਈ ਆਧਾਰ ਕਾਰਡ ਲਾਜ਼ਮੀ ਕਰ ਦਿੱਤਾ ਗਿਆ ਸੀ। ਆਧਾਰ ਕਾਰਡ ਨੂੰ ਪਛਾਣ ਪੱਤਰ ਅਤੇ ਪਤੇ ਦੇ ਸਬੂਤ ਵਜੋਂ ਮਾਨਤਾ ਦਿੱਤੀ ਗਈ ਹੈ।

ਇਸ ਸੰਬੰਧ ਵਿੱਚ ਪਟੀਸ਼ਨਰਾਂ ਦਾ ਕਹਿਣਾ ਸੀ ਕਿ ਆਧਾਰ ਕਾਰਡ ਨਾਲ ਆਮ ਲੋਕਾਂ ਦਾ ਜੀਵਨ ਪ੍ਰਭਾਵਤ ਹੋਇਆ ਹੈ, ਇਸ ਲਈ ਇਸ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਦੂਜੇ ਪਾਸੇ ਕੇਂਦਰ ਸਰਕਾਰ ਨੇ ਆਧਾਰ ਕਾਰਡ ਦੇ ਪੱਖ ਵਿਚ ਕਈ ਦਲੀਲਾਂ ਦਿੱਤੀਆਂ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਵੱਡੀ ਦਲੀਲ ਇਹ ਸੀ ਕਿ ਇਸ ਦੀ ਮਦਦ ਨਾਲ ਸਬਸਿਡੀ ਵੀ ਹਰ ਕਿਸੇ ਲਾਭ ਪਾਤਰੀ ਨੂੰ ਬਿਨਾਂ ਕਿਸੇ ਰੁਕਾਵਟ ਦੇ ਮਿਲਦੀ ਹੈ। ਸਰਕਾਰ ਤੇ ਆਧਾਰ ਕਾਰਡ ਅਥਾਰਟੀ ਦਾ ਕਹਿਣਾ ਹੈ ਕਿ ਆਧਾਰ ਡਾਟਾ ਪੂਰੀ ਤਰ੍ਹਾਂ ਸੇਫ ਹੈ ਅਤੇ ਇਸ ਦੇ ਨਾਲ ਧੋਖਾਧੜੀ ਨਹੀਂ ਕੀਤੀ ਜਾ ਸਕਦੀ।

ਸੁਪਰੀਮ ਕੋਰਟ ਵੱਲੋਂ ਆਧਾਰ ਕਾਰਡ ਦੀ ਜ਼ਰੂਰਤ ਨੂੰ ਕਾਇਮ ਰੱਖਣ ਦੇ ਫੈਸਲੇ ਦਾ ਕੇਂਦਰ ਸਰਕਾਰ ਨੇ ਸਵਾਗਤ ਕਰਦੇ ਹੋਏ ਇਸ ਨੂੰ ਇਤਿਹਾਸਕ ਫੈਸਲਾ ਦੱਸਿਆ ਹੈ। ਕੇਂਦਰ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਤਕਨੀਕ ਦੀ ਮਹੱਤਤਾ ਨੂੰ ਕਾਇਮ ਰੱਖ ਕੇ ਸਾਫ ਕਰ ਦਿੱਤਾ ਕਿ ਇਸ ਦੇ ਆਲੋਚਕਾਂ ਵੱਲੋਂ ਕੀਤਾ ਗਿਆ ਵਿਰੋਧ ਠੀਕ ਨਹੀਂ ਸੀ। ਸਰਕਾਰ ਨੇ ਇਹ ਵੀ ਕਿਹਾ ਕਿ ਆਧਾਰ ਕਾਰਡ ਨੰਬਰ ਦੇ ਕਾਰਨ ਦੇਸ਼ ਦੇ 90 ਹਜ਼ਾਰ ਕਰੋੜ ਰੁਪਏ ਬਚਦੇ ਹਨ। ਕਾਂ-ਗਰਸ ਪਾਰਟੀ ਉੱਤੇ ਤਨਜ਼ ਕੱਸਦੇ ਹੋਏ ਸਰਕਾਰ ਨੇ ਕਿਹਾ ਕਿ ਇਸ ਯੋਜਨਾ ਨੂੰ ਲਿਆਉਣ ਵਾਲਿਆਂ ਨੂੰ ਇਹ ਪਤਾ ਨਹੀਂ ਸੀ ਕਿ ਇਸ ਉਤੇ ਅੱਗੇ ਕਰਨਾ ਕੀ ਹੈ। ਕੇਂਦਰੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਇਹ ਫੈਸਲਾ ਇਤਿਹਾਸਕ ਹੈ ਅਤੇ ਜੁਡੀਸ਼ਅਲ ਰਿਵਿਊ ਦੇ ਬਾਅਦ ਇਸ ਨੂੰ ਸਵੀਕਾਰ ਕਰ ਲਿਆ ਗਿਆ ਹੈ।

## ਕੇਨੀ ਦੇ ਭਾਰਤ ਦੌਰੇ ਦੀ ਐਥਿਕਸ ਕਮਿਸ਼ਨਰ ਤੋਂ ਜਾਂਚ ਕਰਵਾਉਣ ਦੀ ਅਲਬਰਟਾ ਐਨਡੀਪੀ ਨੇ ਕੀਤੀ ਮੰਗ

...ਪੰਨਾ 1 ਦਾ ਬਾਕੀ

ਆਪਣੇ ਕਾਕਸ ਵੱਲੋਂ ਗੱਲ ਕਰਦਿਆਂ ਐਨਡੀਪੀ ਦੀ ਲੈਜਿਸਲੇਚਰ ਮੈਂਬਰ ਹੈਦਰ ਸਵੀਟ ਨੇ ਆਖਿਆ ਕਿ ਪਾਂਡਾ ਰਿਲਾਇੰਸ ਲਈ ਕੰਮ ਕਰਦੇ ਰਹੇ ਹਨ ਤੇ ਉਨ੍ਹਾਂ ਦੇ ਅਜੇ ਵੀ ਕੰਪਨੀ ਵਿੱਚ ਸ਼ੇਅਰ ਹਨ। ਉਨ੍ਹਾਂ ਐਥਿਕਸ ਕਮਿਸ਼ਨਰ ਮਾਰਗਰੇਟ ਟਰਸਲਰ ਨੂੰ ਇਹ ਜਾਂਚ ਕਰਨ ਦੀ ਬੇਨਤੀ ਕੀਤੀ ਕਿ ਕੀ ਕੇਨੀ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਭਾਰਤ ਦੇ ਕੀਤੇ ਗਏ ਦੌਰੇ ਜਾਂ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਨਾਲ ਪਾਂਡਾ ਨੂੰ ਵਿੱਤੀ ਤੌਰ ਉੱਤੇ ਫਾਇਦਾ ਪਹੁੰਚਾਉਣ ਸਬੰਧੀ ਵਿਧਾਨ ਸਭਾ ਦੇ ਨਿਯਮਾਂ ਦੀ ਉਲੰਘਣਾਂ ਤਾਂ ਨਹੀਂ ਹੋਈ।

ਟਰਸਲਰ ਨੂੰ ਲਿਖੀ ਗਈ ਚਿੱਠੀ ਵਿੱਚ ਸਵੀਟ ਨੇ ਆਖਿਆ ਕਿ ਕੇਨੀ ਵੱਲੋਂ ਇਸ ਖਾਸ ਫੈਸਿਲਿਟੀ ਦੇ ਕੀਤੇ ਜਾ ਰਹੇ ਪ੍ਰਚਾਰ ਨਾਲ ਕੀ ਉਸ ਕੰਪਨੀ ਨੂੰ ਕਿਸੇ ਤਰ੍ਹਾਂ ਦਾ ਫਾਇਦਾ ਹੋ ਰਿਹਾ ਹੈ ਤੇ ਅਸਿੱਧੇ ਤੌਰ ਉੱਤੇ ਕਿਤੇ ਇਸ ਨਾਲ ਪਾਂਡਾ ਨੂੰ ਤਾਂ ਕੋਈ ਫਾਇਦਾ ਨਹੀਂ ਹੋ ਰਿਹਾ? ਦੂਜੇ ਪਾਸੇ ਕੇਨੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਤੇ ਪਾਂਡਾ ਵੱਲੋਂ ਵਿਦੇਸ਼ ਜਾਣ ਤੋਂ ਪਹਿਲਾਂ ਐਥਿਕਸ ਕਮਿਸ਼ਨਰ ਨਾਲ ਇਸ ਤਰ੍ਹਾਂ ਦੇ ਮੁੱਦੇ ਵਿਚਾਰੇ ਗਏ ਸਨ। ਉਨ੍ਹਾਂ ਆਖਿਆ ਕਿ ਇਹ ਬਹੁਤ ਹੀ ਘ੍ਰਿਣਾਤਮਕ ਹੈ।

ਉਨ੍ਹਾਂ ਆਖਿਆ ਕਿ ਐਨਡੀਪੀ ਕਾਕਸ ਤੇ ਪ੍ਰੀਮੀਅਰ ਰੇਚਲ ਨੌਟਲੇ ਦੀ ਸਰਕਾਰ ਪ੍ਰੋਵਿੰਸ ਲਈ ਬਿਜ਼ਨਸ ਦੇ ਮੌਕੇ ਲਿਆਉਣ ਦੀਆਂ ਕੋਸ਼ਿਸ਼ਾਂ ਨੂੰ ਵੀ ਗਲਤ ਦੱਸ ਕੇ ਇਸ ਮਾਮਲੇ ਨੂੰ ਤੂਲ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਇਹ ਤਾਂ ਖਾਹਮਖਾਹ ਦੀ ਆਲੋਚਨਾ ਹੋ ਗਈ। ਕੇਨੀ ਨੇ ਆਖਿਆ ਕਿ ਉਹ ਆਸ ਕਰਦੇ ਸਨ ਕਿ ਐਨਡੀਪੀ ਨੇ ਇਸ ਨੂੰ ਉਸਾਰੂ ਨਜ਼ਰੀਏ ਨਾਲ ਵੇਖਿਆ ਹੁੰਦਾ।

## ਫਰੈਂਚ ਰਾਸ਼ਟਰਪਤੀ ਨੇ ਰਾਫੇਲ ਡੀਲ ਬਾਰੇ ਪੱਲਾ ਝਾੜਿਆ

...ਪੰਨਾ 1 ਦਾ ਬਾਕੀ

ਯੂ ਐੱਨ ਜਨਰਲ ਅਸੈਂਬਲੀ ਦੇ ਸੈਸ਼ਨ ਦੌਰਾਨ ਵਿਚ ਸੰਪਾਦਕਾਂ ਨਾਲ ਗੱਲਬਾਤ ਕਰਨ ਵੇਲੇ ਮੈਕਰਾਂ ਨੇ ਇਹ ਗੱਲਾਂ ਕਹੀਆਂ ਹਨ। ਵਰਨਣ ਯੋਗ ਹੈ ਕਿ ਭਾਰਤ ਵਿਚ ਰਾਫੇਲ ਸਮਝੌਤੇ ਉੱਤੇ ਸਿਆਸੀ ਵਿਵਾਦ ਛਿੜਿਆ ਹੋਇਆ ਹੈ। ਇਸ ਸਮਝੌਤੇ ਬਾਰੇ ਸੰਪਾਦਕਾਂ ਨੇ ਉਨ੍ਹਾਂ ਨੂੰ ਸਵਾਲ ਪੁੱਛਿਆ ਤਾਂ ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਇਹ ਦੋ ਸਰਕਾਰਾਂ ਦੇ ਵਿਚਾਲੇ ਸਮਝੌਤਾ ਹੈ, ਜਦੋਂ ਇਹ ਸਮਝੌਤਾ ਹੋਇਆ, ਓਦੋਂ ਮੈਂ ਸਰਕਾਰ ਵਿਚ ਨਹੀਂ ਸੀ। ਸਾਡੇ ਨਿਯਮ ਬਹੁਤ ਸਾਫ਼ ਹਨ ਤੇ ਇਹ ਸੌਦਾ ਭਾਰਤ ਅਤੇ ਫ਼ਰਾਂਸ ਦੇ ਵਿਚਾਲੇ ਇਕ ਫੌਜੀ ਅਤੇ ਮਿਲਟਰੀ ਗਠਜੋੜ ਦਾ ਵੱਡਾ ਹਿੱਸਾ ਹੈ। ਬੀਤੇ ਦਿਨੀਂ ਫਰਾਂਸ ਦੇ ਮੀਡੀਆ ਨੇ ਇਸ ਸਮਝੌਤੇ ਦੀ ਇਕ ਰਿਪੋਰਟ ਦਿੱਤੀ ਸੀ, ਜਿਸ ਬਾਰੇ ਫ਼ਰਾਂਸ ਦੇ ਸਾਬਕਾ ਰਾਸ਼ਟਰਪਤੀ ਫ੍ਰੈਂਕੋਇਸ ਓਲਾਂ ਦਾ ਬਿਆਨ ਛਪਿਆ ਸੀ। ਇਸ ਬਿਆਨ ਵਿਚ ਇਹ ਕਿਹਾ ਗਿਆ ਸੀ ਕਿ 58,000 ਕਰੋੜ ਰੁਪਏ ਦੇ ਰਾਫੇਲ ਸਮਝੌਤੇ ਵੇਲੇ ਅਨਿਲ ਅੰਬਾਨੀ ਦੀ ਰਿਲਾਇੰਸ ਡਿਫੈਂਸ ਕੰਪਨੀ ਨੂੰ ਫਰਾਂਸ ਦੀ ਜਹਾਜ਼ ਬਣਾਉਣ ਵਾਲੀ ਕੰਪਨੀ ਦਸਾਲਟ ਏਵੀਏਸ਼ਨ ਦਾ ਹਿਸੇਦਾਰ ਬਣਾਉਣ ਦੀ ਤਜਵੀਜ਼ ਭਾਰਤ ਸਰਕਾਰ ਨੇ ਦਿੱਤੀ ਸੀ। ਸਾਬਕਾ ਰਾਸ਼ਟਰਪਤੀ ਓਲਾਂ ਦੀ ਇਸ ਗੱਲ ਉੱਤੇ ਭਾਰਤ ਵਿਚ ਸਿਆਸੀ ਗਰਮੀ ਵਧ ਗਈ ਤੇ ਕਾਂਗਰਸ ਸਮੇਤ ਵਿਰੋਧੀ ਦਲਾਂ ਨੇ ਮੋਦੀ ਸਰਕਾਰ ਉੱਤੇ 'ਕਰੋਨੀ ਪੂੰਜੀਵਾਦ' ਦਾ ਦੋਸ਼ ਲਾਉਣਾ ਸ਼ੁਰੂ ਕਰ ਦਿਤਾ ਸੀ। ਓਲਾਂ ਦੇ ਬਿਆਨ ਪਿੱਛੋਂ ਫ਼ਰਾਂਸ ਦੀ ਮੌਜੂਦਾ ਸਰਕਾਰ ਨੇ ਕਿਹਾ ਕਿ ਉਹ ਰਾਫੇਲ ਫਾਈਟਰ ਜੈਟ ਦੇ ਸਮਝੌਤੇ ਦੇ ਭਾਰਤੀ ਭਾਈਵਾਲ ਵਜੋਂ ਅੰਬਾਨੀ ਦੀ ਕੰਪਨੀ ਨੂੰ ਚੁਣਨ ਵਿਚ ਕਿਸੇ ਵੀ ਤਰ੍ਹਾਂ ਸ਼ਾਮਲ ਨਹੀਂ ਸੀ। ਦੂਸਰੇ ਪਾਸੇ ਭਾਰਤ ਸਰਕਾਰ ਨੇ ਜ਼ੋਰ ਦਿੰਦੇ ਹੋਏ ਕਿਹਾ ਕਿ ਫਰਾਂਸੀਸੀ ਕੰਪਨੀਆਂ ਨੂੰ ਸਮਝੌਤੇ ਲਈ ਭਾਰਤੀ ਕੰਪਨੀ ਦੀ ਚੋਣ ਕਰਨ ਦੀ ਪੂਰੀ ਖੁੱਲ੍ਹ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਸੰਤ ਬਾਬਾ ਰੇਸ਼ਮ ਸਿੰਘ ਜੀ

(ਚੱਕ ਪੱਖੀ ਵਾਲੇ, ਨੇੜੇ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ, ਫ਼ਿਰੋਜ਼ਪੁਰ)


ਟੋਰਾਂਟੋ ਪਹੁੰਚ ਚੁੱਕੇ ਹਨ

ਸਮੂਹ ਸੰਗਤਾਂ ਵਲੋਂ ਨੌਵਾਂ ਸਲਾਨਾ ਸਮਾਗਮ

ਸਹਿਜ ਪਾਠ ਸਾਹਿਬ ਅਤੇ ਆਖੰਡ ਪਾਠ ਸਾਹਿਬ ਜੀ ਦੀ ਲੜੀ ਚਲ ਰਹੀ ਹੈ

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਸੰਤ ਬਾਬਾ ਰੇਸ਼ਮ ਸਿੰਘ ਜੀ ਚੱਕ ਪੱਖੀ ਵਾਲੇ, ਨੇੜੇ ਜਲਾਲਾਬਾਦ, ਜ਼ਿਲਾ ਫਾਜ਼ਿਲਕਾ, ਫਿਰੋਜ਼ਪੁਰ 21 **September** 2018 ਨੂੰ ਟੋਰਾਂਟੋ ਪਹੁੰਚ ਰਹੇ ਹਨ। ਬੇਅੰਤ ਸੰਗਤਾ ਬਾਬਾ ਜੀ ਪਾਸ ਗੁਰਬਾਣੀ ਉਪਦੇਸ਼ ਗ੍ਰਹਿਣ ਕਰਨ ਲਈ ਆ ਰਹੀਆਂ ਹਨ। ਸਮੂਹ ਸੰਗਤਾਂ ਵਲੋਂ ਨੌਂਵਾ ਸਲਾਨਾ ਸਮਾਗਮ
ਸੰਗਤਾਂ ਵਲੋਂ ਅਖੰਡ ਪਾਠ ਜੀ ਦਾ ਪ੍ਰੋਗਰਾਮ
ਦਿਨ: 21-9-2018 ਨੂੰ ਅਰੰਭ ਹੌਣਗੇ।
ਭੋਗ: 23-9-2018 ਨੂੰ 10:00 ਵਜੇ ਸਵੇਰੇ।
ਦਿਨ: 24-9-2018 ਨੂੰ ਅਰੰਭ ਹੌਣਗੇ।
ਭੋਗ: 26-9-2018 ਨੂੰ 10:00 ਵਜੇ ਸਵੇਰੇ।
ਦਿਨ: 28-9-2018 ਨੂੰ ਅਰੰਭ ਹੌਣਗੇ।
ਭੋਗ: 30-9-2018 ਨੂੰ 10:00 ਵਜੇ ਸਵੇਰੇ।
ਦਿਨ: 1-10-2018 ਨੂੰ ਅਰੰਭ ਹੌਣਗੇ।
ਭੋਗ: 3-10-2018 ਨੂੰ 10:00 ਵਜੇ ਸਵੇਰੇ।
ਹਰ ਅਖੰਡ ਪਾਠ ਭੋਗ ਤੋਂ ਉਪਰੰਤ ਬਾਬਾ ਜੀ ਦੇ ਦੀਵਾਨ ਸਜਾਏ ਜਾਣਗੇ।। ਸਾਰੇ ਦਿਨਾਂ ਵਿਚ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਸਭ ਸੰਗਤਾਂ ਨੂੰ ਨਿਰਮਤਾ ਸਹਿਤ ਬੇਨਤੀ ਹੈ ਕਿ ਇਸ ਸੇਵਾ ਵਿਚ ਹੱਥ ਵਟਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਬਾਬਾ ਜੀ ਦੀ ਰਿਹਾਇਸ਼ 12435 **Heartlake Rd, Caledon, Ontario, L7C 2K4** ਵਿਖੇ ਹੈ ਜਿੱਥੇ ਤੁਸੀਂ 905-290-1112 ਤੇ' ਸੰਪਰਕ ਕਰ ਸਕਦੇ ਹੋ ।



ਸਭ ਸੰਗਤਾਂ ਨੂੰ ਖੁੱਲਾ ਸੱਦਾ

ਭੋਗ ਉਪਰੰਤ ਗੁਰਬਾਣੀ ਕੀਰਤਨ ਹੋਵੇਗਾ ਅਤੇ ਬਾਬਾ ਜੀ ਗੁਰ ਸ਼ਬਦ ਦੀਆਂ ਵਿਚਾਰਾਂ ਕਰਨਗੇ। ਸਾਰੇ ਦਿਨਾ ਵਿੱਚ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਸਭ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਸੇਵਾ ਵਿੱਚ ਹੱਥ ਵਟਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

ਜ਼ਿਆਦਾ ਜਾਣਕਾਰੀ ਲਈ ਸ਼ਰਨਜੀਤ ਨਾਲ 416-779-9042, ਮਾਸਟਰ ਅਜੀਤ ਸਿੰਘ ਨਾਲ 416-903-3973, ਇਕਬਾਲ ਸਿੰਘ ਨਾਲ 416-708-2122 ਤੇ ਪ੍ਰਿੰਸ ਨਾਲ 416-725-5060, ਪ੍ਰਸੰਨ 6472360047, ਜੱਸਾ 437-992-5042, ਸੁਰਜੀਤ ਸਿੰਘ ਨਾਲ 647-227-1494, ਵਿੱਕੀ ਬਰਾੜ ਨਾਲ 709-763-0786 ਜਾਂ 416-873-0907 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

DIXIE
Registered Private Career College

TRUCK & FORKLIFT DRIVING SCHOOL
CLASS A,Z & FORKLIFT TRAINING

Contact Us for Great Results, Early Road Tests & Flexible Timing

- Special Training For Nervous Drivers
- Lady Instructor Available
- One to One Training


Forklift $79
Air Brake
Truck Driving Course

- Counter Balance
- Order Picker
- Raymond Reach
- Walkie
- Cheery Picker

AIR BRAKES CLASSES EVERY WED - THURS & SAT - SUN

Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

KARTAR FURNITURE






ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20 Etobicoke ON, M9V 3Y6

# ਬਰੈਂਪਟਨ ਸਿਟੀ ਕਾਉਂਸਲ ਦੇ ਵਾਰਡ 9 ਤੇ 10 ਦੇ ਉਮੀਦਵਾਰ ਰੋਹਿਤ ਸਿੱਧੂ



ਬਰੈਂਪਟਨ ਸਿਟੀ ਕਾਉਂਸਲ ਦੇ ਵਾਰਡ 9 ਤੇ 10, ਸਪਰਿੰਗਡੇਲ ਤੇ ਕਾਸਲਮੋਰ ਤੋਂ ਤੁਹਾਡਾ ਉਮੀਦਵਾਰ ਹੈ। ਰੋਹਿਤ ਸਿੱਧੂ ਦਾ ਜਨਮ ਜੀਟੀਏ ਵਿੱਚ ਹੋਇਆ ਸੀ, ਤੇ ਉਹ ਲਗਭਗ ਆਪਣੀ ਪੂਰੀ ਜ਼ਿੰਦਗੀ ਬਰੈਂਪਟਨ ਵਿਖੇ ਹੀ ਰਹਿੰਦਾ ਰਿਹਾ। ਉਹ ਮਰਹੂਮ ਕਵੀਸ਼ਰ ਰਣਜੀਤ ਸਿੰਘ ਸਿਧਵਾਂ ਦੇ ਪੋਤੇ ਤੇ ਤੇਜਿੰਦਰ ਸਿੱਧੂ, ਜਿਨ੍ਹਾਂ ਦੀ ਆਵਾਜ਼ ਤੁਸੀਂ ਦੇਸ਼ ਪਰਦੇਸ਼ ਰੇਡੀਓ ਏਐਮ 530 ਉੱਤੇ ਸੁਣਦੇ ਹੋਂ, ਦੇ ਸਪੁੱਤਰ ਹਨ। ਰੋਹਿਤ ਸਿੱਧੂ ਲੱਗਭਗ ਆਪਣਾ ਪੂਰਾ ਜੀਵਨ ਪੀਲ ਡਿਸਟ੍ਰਿਕਟ ਸਕੂਲ ਬੋਰਡ ਦਾ ਵਿਦਿਆਰਥੀ ਰਿਹਾ। ਰੋਹਿਤ ਸਿੱਧੂ ਦਾ ਮੰਨਣਾ ਹੈ ਕਿ ਮਿਆਰੀ ਸਿੱਖਿਆ, ਕੁਆਲਿਟੀ ਇੰਸਟ੍ਰਕਟਰ, ਤੇ ਮਿਆਰੀ ਪਾਠਕ੍ਰਮ ਕਿਸੇ ਵੀ ਬੱਚੇ ਦੇ ਸਮੁੱਚੇ ਜੀਵਨ ਉੱਤੇ ਅਸਰ ਪਾ ਸਕਦੇ ਹਨ। ਸਾਡੇ ਬਰੈਂਪਟਨ ਵਿੱਚ ਐਲੀਮੈਂਟਰੀ, ਮਿਡਲ ਸਕੂਲ ਤੇ ਹਾਈ ਸਕੂਲ ਪੱਧਰ ਦਾ ਸਿੱਖਿਆ ਪ੍ਰਬੰਧ ਵਧੀਆ ਹੈ ਪਰ ਜਿਨ੍ਹਾਂ ਬੱਚਿਆਂ ਨੂੰ ਮਿਆਰੀ ਯੂਨੀਵਰਸਿਟੀ ਸਿੱਖਿਆ ਚਾਹੀਦੀ ਹੈ, ਉਨ੍ਹਾਂ ਲਈ ਇੱਥੇ ਕੋਈ ਬਦਲ ਨਹੀਂ ਹੈ। ਜਦੋਂ ਰੋਹਿਤ ਸਿੱਧੂ ਨੇ ਇਹ ਫੈਸਲਾ ਕੀਤਾ ਕਿ ਉਹ ਪੁਲੀਟਿਕਲ ਸਾਇੰਸ ਵਿੱਚ ਯੂਨੀਵਰਸਿਟੀ ਦੀ ਪੜ੍ਹਾਈ ਕਰਨੀ ਚਾਹੁੰਦਾ ਹੈ ਤਾਂ ਉਸ ਕੋਲ ਸਮੁੱਚੇ ਜੀਟੀਏ ਵਿੱਚ ਇਸ ਦੇ ਬਦਲ ਬਹੁਤ ਹੀ ਘੱਟ ਸਨ। ਖਾਸ ਤੌਰ ਉੱਤੇ ਉਸ ਦੇ ਅਧਿਐਨ ਵਾਲੇ ਖੇਤਰ ਵਿੱਚ ਤਾਂ ਚੱਜ ਦੇ ਪ੍ਰੋਗਰਾਮ ਹੀ ਨਾਮਾਤਰ ਸਨ। ਉਸ ਨੂੰ ਜਾਂ ਤਾਂ ਰੋਜ਼ਾਨਾ ਡਾਊਨਟਾਊਨ ਟੋਰਾਂਟੋ ਆਉਣਾ ਜਾਣਾ ਪੈਣਾ ਸੀ ਤੇ ਜਾਂ ਫਿਰ ਅਗਲੇ ਪੜ੍ਹਾਈ ਲਈ ਕਿਚਨਰ, ਵਾਟਰਲੂ, ਹੈਮਿਲਟਨ ਜਾਂ ਫਿਰ ਓਟਵਾ ਜਾਣਾ ਪੈਣਾ ਸੀ। ਇਸ ਲਈ ਉਹ ਆਪਣੇ ਪ੍ਰੋਗਰਾਮ ਲਈ ਬਿਹਤਰੀਨ ਸਕੂਲ ਅਟੈਂਡ ਕਰਨ ਲਈ ਓਟਵਾ ਚਲਾ ਗਿਆ ਤੇ ਉੱਥੇ ਹੀ ਉਸ ਨੇ ਪੁਲੀਟਿਕਲ ਸਾਇੰਸ (ਬੀਐਸਓਐਸਸੀ) ਵਿੱਚ ਆਪਣੀ ਆਨਰਜ਼ ਦੀ ਡਿਗਰੀ ਪੂਰੀ ਕੀਤੀ। ਹੁਣ ਸਮੱਸਿਆ ਇਹ ਹੈ ਕਿ ਬਰੈਂਪਟਨ ਤੋਂ ਵੀ ਨਿੱਕੇ ਸ਼ਹਿਰਾਂ ਵਿੱਚ ਬੇਹਤਰੀਨ ਯੂਨੀਵਰਸਿਟੀਜ਼ ਹਨ ਪਰ ਸਾਡੇ ਕੋਲ ਇੱਕ ਵੀ ਨਹੀਂ ਹੈ। ਜੇ ਵਿਦਿਆਰਥੀਆਂ ਨੂੰ ਪੜ੍ਹਨ ਲਈ ਬਾਹਰ ਜਾਣਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਰਹਿਣ ਲਈ ਵੱਧ ਖਰਚਾ ਕਰਨਾ ਹੋਵੇਗਾ ਤੇ 4 ਸਾਲ ਦੇ ਪ੍ਰੋਗਰਾਮ ਲਈ ਸਿੱਖਿਆ ਉੱਤੇ 100,000 ਡਾਲਰ ਦਾ ਖਰਚਾ ਵੀ ਕਰਨਾ ਹੋਵੇਗਾ। ਪਿਛਲੇ ਸਿਟੀ ਕਾਉਂਸਲਰਜ਼ ਤੇ ਮੇਅਰ ਨੇ ਬਰੈਂਪਟਨ ਵਿੱਚ ਯੂਨੀਵਰਸਿਟੀ ਖੋਲ੍ਹਣ ਦੀਆਂ ਕੋਸ਼ਿਸ਼ਾਂ ਕੀਤੀਆਂ ਤੇ ਇਸ ਲਈ ਉਨ੍ਹਾਂ ਥਾਂ ਵੀ ਲੱਭ ਲਈ ਪਰ ਉਹ ਅਜਿਹਾ ਕਰਨ ਵਿੱਚ ਅਸਫਲ ਰਹੇ। ਜਿਹੜੀ ਥਾਂ ਯੂਨੀਵਰਸਿਟੀ ਲਈ ਵੇਖੀ ਗਈ ਸੀ ਉਹ ਸਹੀ ਨਹੀਂ ਸੀ ਤੇ ਉੱਥੇ ਕਦੇ ਵੀ ਮਿਆਰੀ ਯੂਨੀਵਰਸਿਟੀ ਨਹੀਂ ਸੀ ਬਣ ਸਕਦੀ। ਸਿਟੀ ਕਾਉਂਸਲਰ ਚੁਣੇ ਜਾਣ ਉੱਤੇ ਮੈਂ ਵਿਦਿਆਰਥੀਆਂ ਤੇ ਪਰਿਵਾਰਾਂ ਦੇ ਹਿਤ ਵਿੱਚ ਜੋ ਕੁੱਝ ਵੀ ਹੋਵੇਗਾ ਉਹ ਕਰਾਂਗਾ ਤੇ ਸਿਟੀ ਆਫ ਬਰੈਂਪਟਨ ਵਿੱਚ ਵੱਡੀ ਤੇ ਮਿਆਰੀ ਯੂਨੀਵਰਸਿਟੀ ਲਿਆਉਣ ਦੀ ਕੋਸ਼ਿਸ਼ ਕਰਾਂਗਾ। ਤੁਹਾਡੇ ਵਿੱਚੋਂ ਰੋਹਿਤ ਸਿੱਧੂ ਦਾ ਸਮਰਥਨ ਕਰਨ ਵਿੱਚ ਦਿਲਚਸਪੀ ਰੱਖਣ ਵਾਲਿਆਂ ਲਈ ਜਾਂ ਵਾਲੰਟੀਅਰ ਵਜੋਂ ਨਾਲ ਜੁੜਨ ਵਾਲਿਆਂ ਲਈ ਤੁਸੀਂ ਉਸ ਦੀ ਕੈਂਪੇਨ ਨਾਲ 416-999-1300 ਉੱਤੇ ਸੰਪਰਕ ਕਰ ਸਕਦੇ ਹੋਂ ਜਾਂ .. ਉੱਤੇ ਵਿਜ਼ਿਟ ਕਰ ਸਕਦੇ ਹੋਂ। ਵਾਰਡ 9 ਤੇ 10, ਸਪਰਿੰਗਡੇਲ ਤੇ ਕਾਸਲਮੋਰ ਲਈ ਰੋਹਿਤ ਸਿੱਧੂ ਨੂੰ ਅਗਲਾ ਸਿਟੀ ਕਾਉਂਸਲਰ ਬਣਾਉਣ ਵਾਤਸੇ 22 ਅਕਤੂਬਰ ਨੂੰ ਉਨ੍ਹਾਂ ਨੂੰ ਵੋਟ ਪਾਓ। ਬਰੈਂਪਟਨ ਸੌਕਰ ਸੈਂਟਰ ਤੇ ਗੋਰ ਮੀਡੋਅਜ਼ ਕਮਿਊਨਿਟੀ ਸੈਂਟਰ ਜਾਂ 6 ਅਕਤੂਬਰ ਦਿਨ ਸ਼ਨਿੱਚਰਵਾਰ ਤੇ 13 ਅਕਤੂਬਰ ਦਿਨ ਸ਼ਨਿੱਚਰਵਾਰ ਨੂੰ ਐਡਵਾਂਸ ਵੋਟਿੰਗ ਕੀਤੀ ਜਾ ਸਕਦੀ ਹੈ।


VOTE
Rohit Sidhu
City Councillor
Wards 9 & 10
(Springdale, Castlemore, Gore)
416-999-1300 www.rohitsidhu.com
For A Better Brampton!

# ਤੂੜੀ ਤੋਂ ਗੈਸੋਲੀਨ ਬਣਾਈ ਜਾਣ ਲੱਗੀ

ਲੰਡਨ, 26 ਸਤੰਬਰ (ਪੋਸਟ ਬਿਊਰੋ)- ਵਿਗਿਆਨੀਆਂ ਨੇ ਤੂੜੀ ਜਾਂ ਬੁਰਾਦੇ ਤੋਂ ਗੈਸੋਲੀਨ/ ਫਿਊਲ ਬਣਾਉਣ ਦਾ ਨਵਾਂ ਤਰੀਕਾ ਲੱਭ ਲਿਆ ਹੈ। ਇਸ ਨਾਲ ਗੈਸ ਪਲਾਂਟਾਂ ਨੂੰ ਬਾਇਓ ਫਿਊਲ ਬਣਾਉਣ ਵਿੱਚ ਹੋਰ ਮਦਦ ਮਿਲੇਗੀ।

ਬੈਲਜੀਅਮ ਦੇ ਲੁਵੇਨ ਵਾਲੀ ਕੈਥੋਲਿਨ ਯੂਨੀਵਰਸਿਟੀ ਦੇ ਖੋਜ ਕਰਤਾਵਾਂ ਨੇ ਤੂੜੀ ਤੋਂ ਸਹੀ ਮਾਤਰਾ ਵਿੱਚ ਮੌਜੂਦ ਸੇਲੂਲੋਜ ਨੂੰ ਹਾਈਡ੍ਰੋਕਾਰਬਨ ਚੇਨ ਦੇ ਰੂਪ ਵਿੱਚ ਵਿਕਸਿਤ ਕਰਨ ਦਾ ਤਰੀਕਾ ਲੱਭ ਲਿਆ ਹੈ। ਯੂਨੀਵਰਸਿਟੀ ਦੇ ਬਰਟ ਸੇਲਸ ਨੇ ਕਿਹਾ, 'ਇਸ ਨੂੰ ਹਾਈਡ੍ਰੋਕਾਰਬਨ ਨੂੰ ਗੈਸੋਲੀਨ ਵਿੱਚ ਮਿਲਾ ਕੇ ਫਿਊਲ ਦੇ ਰੂਪ ਵਿੱਚ ਇਸ ਦਾ ਵਰਤਿਆ ਜਾ ਸਕਦਾ ਹੈ। ਸੇਲੂਲੋਜ ਮਿਸ਼ਰਿਤ ਗੈਸੋਲੀਨ 'ਸੈਕਿੰਡ ਜੈਨਰੇਸ਼ਨ ਬਾਇਓ ਫਿਊਲ' ਹੋਵੇਗਾ। ਅਸੀਂ ਪੌਦਿਆਂ ਦੇ ਅਵਸ਼ੇਸ਼ਾਂ ਤੋਂ ਸ਼ੁਰੂਆਤ ਕਰ ਉਸ ਨੂੰ ਪੈਟਰੋ ਕੈਮੀਕਲ ਦੇ ਰੂਪ ਵਿੱਚ ਵਿਕਸਿਤ ਕਰਨ ਲਈ ਰਸਾਇਣਕ ਪ੍ਰਕਿਰਿਆ ਦਾ ਪ੍ਰਯੋਗ ਕਰਦੇ ਹਾਂ ਇਸ ਬਾਇਓ ਫਿਊਲ ਦੀ ਗੁਣਵੱਤਾ ਇੰਨੀ ਚੰਗੀ ਹੈ ਕਿ ਪ੍ਰਕਿਰਿਆ ਖਤਮ ਹੋਣ ਪਿੱਛੋਂ ਸੇਲੂ-ਲੋਜ ਨਾਲ ਬਣੇ ਗੈਸੋਲੀਨ ਅਤੇ ਕੁਦਰਤੀ ਗੈਸੋਲੀਨ ਵਿੱਚ ਫਰਕ ਕਰਨ ਲਈ ਕਾਰਬਨ ਡੇਟਿੰਗ ਪ੍ਰਕਿਰਿਆ ਦਾ ਇਸਤੇਮਾਲ ਕਰਨਾ ਹੋਵੇਗਾ।' ਖੋਜ ਕਰਤਾਵਾਂ ਨੇ 2014 ਵਿੱਚ ਆਪਣੀ ਪ੍ਰਯੋਗਸ਼ਾਲਾ ਵਿੱਚ ਇਕ 'ਕੈਮੀਕਲ ਰਿਐਕਟਰ' ਸਥਾਪਤ ਕੀਤਾ ਸੀ ਜੋ ਘੱਟ ਮਾਤਰਾ ਵਿੱਚ ਸੇਲੂਲੋਜ ਗੈਸੋਲੀਨ ਦਾ ਉਤਪਾਦਨ ਕਰ ਸਕਦਾ ਹੈ।

# ਮਾਂ ਖੇਡ ਕਬੱਡੀ ਦਾ ਹੋਣਹਾਰ ਪੁੱਤ ਮੁਹੰਮਦ ਅਕਬਰ



ਉਂਝ ਤਾਂ ਕਬੱਡੀ ਖੇਡ ਲਈ ਹਰ ਇੱਕ ਦਾ ਵੱਖਰਾ ਯੋਗਦਾਨ ਹੈ ਪਰ ਮੁਹੰਮਦ ਅਕਬਰ ਕਬੱਡੀ ਕੋਚ ਝੱਖੜਵਾਲਾ ਦੀ ਇਸ ਮਾਂ ਖੇਡ ਨੂੰ ਵਿਲੱਖਣ ਦੇਣ ਹੈ ਜਿਸਨੇ ਇਸ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਆਪਣਾ ਕੀਮਤੀ ਸਮਾਂ ਕਬੱਡੀ ਨੂੰ ਸਮਰਪਿਤ ਕੀਤਾ ਹੈ। ਅਕਬਰ ਪਿਛਲੇ ਅੱਠ ਸਾਲਾਂ ਤੋਂ ਲਗਾਤਾਰ ਪਿੰਡ ਝੱਖੜਵਾਲਾ ਦੇ ਸਰਕਾਰੀ ਹਾਈ ਸਕੂਲ ਦੀ ਗਰਾਊਂਡ ਵਿੱਚ ਬੱਚਿਆਂ ਦੇ ਨਾਲ ਕਬੱਡੀ ਦੇ ਦਾਅ-ਪੇਚ, ਬਰੀਕੀਆਂ ਤੇ ਸਪੋਰਟਸਮੈਨਸ਼ਿਪ ਦੀ ਅਲਖ ਜਗਾ ਰਹੇ ਹਨ। ਇਸ ਗਰਾਂਊਡ ਵਿੱਚ ਇਕੱਲੇ ਝੱਖੜਵਾਲਾ ਪਿੰਡ ਦੇ ਹੀ ਨਹੀਂ ਸਗੋਂ ਆਸ ਪਾਸ ਦੇ ਪਿੰਡਾਂ ਦੇ ਨੌਜਵਾਨ ਵੀ ਉਸ ਕੋਲ ਕਬੱਡੀ ਦੇ ਦਾਅ ਪੇਚ ਸਿੱਖਣ ਲਈ ਆਉਂਦੇ ਹਨ।ਇੱਥੇ ਇਹ ਵੀ ਜ਼ਿਕਰ ਕਰਨਾ ਬਣਦਾ ਹੈ ਕਿ ਪੰਜ ਜਨਵਰੀ ਉੱਨੀ ਸੌ ਅਠੱਤਰ ਨੂੰ ਪਿੰਡ ਝੱਖੜਵਾਲਾ ਵਿਖੇ ਨੇਕ ਖਾਨ ਜੀ ਦੇ ਘਰ ਮਾਤਾ ਗੁਰਮੇਲ ਬੀਬੀ ਦੀ ਗੋਦ ਵਿੱਚ ਆਏ ਮੁਹੰਮਦ ਅਕਬਰ ਦੀ ਇਹ ਨਿਸ਼ਕਾਮ ਸੇਵਾ ਹੈ, ਜੋ ਕਿ ਬਿਨਾ ਕਿਸੇ ਲੋਭ ਲਾਲਚ ਜਾ ਹੋਰ ਲਾਹੇ ਤੋਂ ਬਾਖੂਬੀ ਨਿਭਾਅ ਰਿਹਾ ਹੈ। ਇਹ ਉਸ ਦੀ ਮਿਹਨਤ ਦਾ ਹੀ ਸਬੂਤ ਤੇ ਫ਼ਲ ਹੈ ਕਿ ਉਸ ਦੇ ਪਿੰਡ ਦੀ ਟੀਮ ਨੇ ਕਾਫ਼ੀ ਟੂਰਨਾਮੈਂਟ ਜਿੱਤ ਕੇ ਉਸ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਇੱਥੇ ਹੀ ਬੱਸ ਨਹੀਂ ਪਿੰਡ ਦੇ ਸਰਕਾਰੀ ਸਕੂਲ ਦੀ ਟੀਮ ਨੇ ਰਾਜ ਪੱਧਰ ਤੇ ਪਿਛਲੇ ਕਈ ਸਾਲਾਂ ਤੋਂ ਧਾਂਕ ਜਮਾਈ ਹੋਈ ਹੈ, ਜਦਕਿ ਉਸਤੋਂ ਪਹਿਲਾਂ ਸਕੂਲ ਦੀ ਕਬੱਡੀ ਕੋਈ ਟੀਮ ਨਹੀਂ ਸੀ। ਮੁਹੰਮਦ ਅਕਬਰ ਨੂੰ ਬਚਪਨ ਤੋਂ ਹੀ ਮਾਂ ਖੇਡ ਕਬੱਡੀ ਨਾਲ ਅੰਤਾਂ ਦਾ ਲਗਾਓ ਸੀ।ਖੇਡਣ ਦੇ ਸਮੇਂ ਵਿੱਚ ਮੁਹੰਮਦ ਅਕਬਰ ਨੇ ਬਾਜਾਖਾਨਾ ਟੀਮ ਲਈ ਕਬੱਡੀ ਖੇਡੀ ਤੇ ਆਪਣੇ ਸਮੇਂ ਦੇ ਨਾਮਵਰ ਖਿਡਾਰੀਆਂ ਜਿੰਨਾਂ ਵਿੱਚ ਸ਼ਮਿੰਦਰ ਜੈਤੋ, ਸਰਬਜੀਤ, ਕੁਲਵੰਤ ਬਾਜਾਖਾਨਾ, ਜੀਤ ਬਰਗਾੜੀ, ਕਾਲਾ ਕੰਮੇਆਣਾ ਤੇ ਤੇਜਾ ਵਾਂਦਰ ਡੋਡ ਨਾਲ ਖੇਡ ਵਿੱਚ ਸ਼ਰੀਕ ਹੁੰਦਾ ਰਿਹਾ। ਮੁਹੰਮਦ ਅਕਬਰ ਖੇਡ ਅਧਿਆਪਕ (ਡੀ.ਪੀ.ਈ.) ਬਨਣਾ ਚਾਹੁੰਦੇ ਸਨ, ਪਰ ਕੁਝ ਹਾਲਾਤਾਂ ਦੀ ਗੰਭੀਰਤਾ ਕਾਰਣ ਉਹ ਆਪਣਾ ਸੁਪਨਾ ਪੂਰਾ ਨਹੀਂ ਕਰ ਸਕੇ ਤੇ ਅੱਜ ਉਸਦੀ ਇੱਛਾ ਆਪਣੇ ਸ਼ਗਿਰਦਾਂ ਰਾਹੀਂ ਆਪਣਾ ਸੁਪਨਾ ਸਾਕਾਰ ਕਰਨ ਦੀ ਲੋਚਾ ਰੱਖਦੇ ਹੋਏ ਲਗਾਤਾਰ ਦਿਨ ਰਾਤ ਮਿਹਨਤ ਕਰ ਰਹੇ ਹਨ। ਮੁਹੰਮਦ ਅਕਬਰ ਇੱਕ ਗਰੀਬ ਪਰਿਵਾਰ ਨਾਲ ਸਬੰਝਤ ਹੋਣ ਦੇ ਬਾਵਜੂਦ ਵੀ ਕਬੱਡੀ ਸਿਖਲਾਈ ਦੇ ਇਸ ਨੇਮ ਨੂੰ ਆਪਣਾ ਫ਼ਰਜ਼ ਸਮਝ ਕੇ ਨਿਭਾ ਰਹੇ ਹਨ।ਉਹਨਾਂ ਦੀ ਸੇਵਾ ਜਿੱਥੇ ਖਿਡਾਰੀਆਂ ਵਿੱਚ ਜੋਸ਼ ਭਰਦੀ ਹੈ, ਉਥੇ ਨਾਲ ਹੀ ਪਿੰਡ ਦੇ ਨੌਜਵਾਨਾਂ ਨੂੰ ਨਸ਼ਿਆਂ ਵਰਗੀ ਅਲਾਮਤ ਤੋਂ ਦੂਰ ਰੱਖਣ ਵਿੱਚ ਵੀ ਮੱਦਦਗਾਰ ਸਾਬਿਤ ਹੋ ਰਹੀ ਹੈ। ਅਜਿਹੇ ਸਿਰੜੀ ਪੁਰਸ਼ ਦੇ ਸਿਦਕ ਨੂੰ ਸਲਾਮ ਕਰਨਾ ਬਣਦਾ ਹੈ।

# ਰਵੀ ਸਿੰਘ ਭੱਲਾ ਨੇ ਵਿੱਤ ਬੋਰਡ ਦੇ ਅੱਠ ਸਾਲ ਲੰਬੇ ਵਿਵਾਦ ਨੂੰ ਕੀਤਾ ਖਤਮ



ਹੋਬੋਕਨ, ਨਿਊ ਜਰਸੀ,(ਹੁਸਨ ਲੜੋਆ ਬੰਗਾ): ਹੋਬੋਕਨ, ਨਿਊ ਜਰਸੀ ਦੇ ਮੇਅਰ ਰਵੀ ਭੱਲਾ ਅਤੇ ਰਾਜ ਦੇ ਲੋਕਲ ਵਿੱਤ ਬੋਰਡ ਨੇ ਹਾਲ ਹੀ ਵਿਚ ਆਪਣੇ ਅੱਠ ਸਾਲਾਂ ਤੋਂ ਚਲੇ ਆ ਰਹੇ ਵਿਵਾਦ ਨੂੰ ਖਤਮ ਕਰਨ ਦਾ ਸਮਝੌਤਾ ਕੀਤਾ ਹੈ।ਰਵੀ ਸਿੰਘ ਭੱਲਾ, ਇੱਕ ਪ੍ਰਮੁੱਖ ਅਮਰੀਕੀ ਸ਼ਹਿਰ ਦੇ ਪਹਿਲੇ ਭਾਰਤੀ ਅਮਰੀਕਨ ਸਿੱਖ ਮੇਅਰ ਹਨ ਨੇ ਜ਼ੋਰ ਦੇ ਕੇ ਕਿਹਾ ਉਨਾਂ ਨੇ ਇਹ ਲੰਬੇ ਸਮੇਂ ਦੇ ਵਿਵਾਦ ਨੂੰ ਖਤਮ ਕਰਨ ਦੌਰਾਨ ਕੋਈ ਉਲੰਘਣਾ ਨਹੀਂ ਕੀਤੀ।ਨਿਊ ਜਰਸੀ ਜਰਨਲ ਦੁਆਰਾ ਪ੍ਰਾਪਤ ਇਕਰਾਰਨਾਮੇ ਦੀ ਇਕ ਕਾਪੀ ਦੇ ਅਨੁਸਾਰ, ਦੋਵਾਂ ਧਿਰਾਂ ਨੇ 22 ਅਗਸਤ ਨੂੰ ਇਸ ਮਾਮਲੇ ਨੂੰ ਨਿਪਟਾ ਦਿੱਤਾ ਸੀ,ਤੇ ਲੋਕਲ ਵਿੱਤ ਬੋਰਡ ਨੇ ਇਸ ਸਮਝੌਤੇ ਨੂੰ ਖਤਮ ਕਰਨ ਲਈ ਸਹਿਮਤੀ ਪ੍ਰਗਟ ਕੀਤੀ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅੱਠ ਸਾਲ ਦੀ ਲੜਾਈ ਵਿੱਚ ਘੱਟ ਤੋਂ ਘੱਟ 17,223ਡਾਲਰ ਦੀ ਕਾਨੂੰਨੀ ਫੀਸ ਸੀ ਜੋ ਸਿਟੀ ਕੌਂਸਲ ਕੋਲ ਬਿੱਲ ਪਾਸ ਕਰਨ ਲਈ ਪਹੁੰਚਿਆ ਪਰ ਇਸ ਤੋਂ ਪਹਿਲਾਂ ਇਕ ਵਾਰ ਇਹ ਖਾਰਜ ਕਰ ਦਿੱਤਾ ਗਿਆ ਸੀ।ਰਵੀ ਸਿੰਘ ਭੱਲਾ ਨੇ ਕਿਹਾ ਕਿ ਮੈਂ ਖੁਸ਼ ਹਾਂ ਕਿ ਸਥਾਨਕ ਫਾਈਨਾਂਸ ਬੋਰਡ ਨੇ ਵੀ ਇਹਨਾਂ ਸ਼ਕਿਾਇਤਾਂ ਨੂੰ ਖਾਰਜ ਕਰਨ ਵਿੱਚ ਮੱਦਦ ਕੀਤੀ ਹੈ।


BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

ACTON PHYSIO & FOOT CLINIC

ਪਿੱਠ, ਗੋਡੇ, ਧੌਣ, ਲੱਤਾਂ, ਕੂਹਣੀ, ਗਿੱਟੇ, ਪੈਰਾਂ ਦੇ ਦਰਦਾਂ ਤੋਂ ਪਰੇਸ਼ਾਨ ਹੋ ਤਾਂ ਸਾਡੀਆਂ ਨਾਲ ਲਿਖੀਆਂ ਸੇਵਾਵਾਂ ਨੂੰ ਇਕ ਵਾਰੀ ਅਜ਼ਮਾਉ ਤੇ ਆਪਣੇ ਕੰਮਾਂ ਨੂੰ ਭਜਦੇ ਜਾਓ

CHANGE YOUR LIFE ਆਪਣੇ ਬੱਲ ਤੇ ਜੀਣਾ ਸਿਖੋ
SEE THE DIFFERENCE WITH ADVANCED TECHNOLOGY



SERVICES
- Physiotherapy
- Chirpractic Care
- Registered Massage Therapy
- Naturopathy
- Decompression
- Accupunture
- Shockwave Theraphy
- Ion Detoc Spa
- Foot Reflexology
- Colon Hydrotherapy

We Accept Most Insurances
FREE CONSULTATION



Free Shoes
Buy Custom Made ORTHOTICS
Get upto $100 in Orthopedic Shoe*
*Shoe Credit amount depends upon shoes purchased

TREATMENTS
- Motor Vehicle Accident
- Worker's Compensation
- Back Pain Relief
- Foot Pain Relief
- Muscle & Joint Pain
- Prenatal Care
- Nutrition Planning
- Diabetic Care
- Constipation





ORTHOTICS
- Callouses
- Corns
- Warts
- Fungal Nail (Laser Treatment)
- Ingrown Nail (Surgery)
- Flat Feet (Shock Wave Therapy)

50$ Off ORTHOTICS*

SPECIAL SENIORS DISCOUNT
2280 Bovaird Dr. E, Unit #4, Brampton. ON L6R 3J5 (East of Rajdhani Sweet)
905.595.1146 | 905.793.7757 | Monday to Saturday

# ਤੇਰਾ ਜੱਸ ਲਿਖਿਆ ਨਾ ਜਾਵੇ, ਲੱਖਾਂ ਮਣ ਕਾਗ਼ਜ਼ਾਂ ਤੇ



ਕਰਨੈਲ ਸਿੰਘ ਟੋਰਾਂਟੋ
416-746-7642

ਧਨਾਸਰੀ ਮਹਲਾ 5॥
ਗੁਰ ਕਾ ਬਚਨੁ ਬਸੈ ਜੀਅ ਨਾਲੇ ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ
ਭਹਿ ਨ ਸਾਕੈ ਜਾਲੇ ॥੧॥ਰਹਾਉ ॥( ਪੰਨਾ 679)

ਅਰਥ :- ਗੁਰੂ ਜੀ ਦਾ ਦਿਤਾ ਬਚਨ= ਉਪਦੇਸ਼= ਜੀਵ ਆਤਮਾਂ ਦੇ ਸਦਾ ਨਾਲ ਰਹਿੰਦਾ ਹੈ। ਉਹ ਬਚਨ = ਸ਼ਬਦ ਪਾਣੀ ਵਿਚ ਡੁਬਦਾ ਨਹੀਂ ਹੈ, ਸ਼ਬਦ = ਨਾਮ ਨੂੰ ਚੋਰ ਚੁਰਾ ਨਹੀਂ ਸਕਦਾ, ਨਾਮ ਨੂੰ ਅਗਨੀ ਸਾੜ ਨਹੀਂ ਸਕਦੀ।

ਜਿਵੇਂ ਸਿੱਖ ਧਰਮ ਦੇ ਸੰਵਿਧਾਨ ਦੇ ਮੁਤਾਬਕ ਖੰਡੇ ਬਾਟੇ ਦਾ ਅੰਮ੍ਰਿਤ ਛਕਾਕੇ, ਪੰਜ ਪਿਆਰੇ ਨਾਮ ਦਿੰਦੇ ਹਨ। ਮੁਖਹੁੰ ਬੋਲਕੇ ਅੰਮ੍ਰਿਤ ਛਕਣ ਵਾਲਿਆਂ ਨੂੰ ਸੁਣਾਂਦੇ ਹਨ, ਬੋਲੋ ਜੀ ਵਾਹਿਗੁਰੂ ॥

ਅੰਮ੍ਰਿਤ ਛਕਣ ਵਾਲੇ ਮਾਈ, ਭਾਈ, ਬੋਲਦੇ ਹਨ, ਵਾਹਿਗੁਰੂ ॥

ਇਹ ਨਾਮ ਪੰਜਾਂ ਪਿਆਰਿਆਂ ਨੇ ਬੋਲਕੇ ਸੁਣਾਇਆ ਹੈ, ਇਹ ਇਕ ਆਵਾਜ਼ ਹੈ ਇਸ ਨੂੰ ਪਾਣੀ ਡੋਬ ਜਾਂ ਗਾਲ ਨਹੀਂ ਸਕਦਾ। ਚੋਰ ਕੈਸੇ ਚਰਾਏਗਾ, ਅਤੇ ਅੱਗ ਕਿਵੇਂ ਸਾੜ੍ਹਗੀ। ਕੋਈ ਵੀ ਦੁਨੀਆਂ ਦਾ ਬਣਾਇਆ ਗ੍ਰੰਥ, ਪਾਣੀ ਵਿਚ ਆਪਣੀਂ ਹਸਤੀ ਗਵਾ ਜਾਂਦਾ ਹੈ, ਅਗਨੀ ਵਿਚ ਸੜ੍ਹਕੇ ਸੁਆ ਹੋ ਜਾਂਦਾ ਹੈ। ਅਤੇ ਗ੍ਰੰਥਾਂ ਨੂੰ ਪੜ੍ਹਨ ਵਾਲੇ ਚੋਰੀ ਵੀ ਲੈ ਜਾਂਦੇ ਹਨ। ਨਾਮ ਸਾਡੇ ਭਾਰਤ ਦੇਸ਼ ਅੰਦਰ ਕਈਆਂ ਧਰਮਾਂ ਵਿਚ ਸਾਧੂਆਂ, ਸੰਤਾਂ, ਮਹਾਂ ਪੁਰਸ਼ਾਂ, ਪੰਡਿਤਾਂ ਦੁਆਰਾ ਮੂੰਹ ਤੋਂ ਬੋਲ ਕੇ ਚੇਲੇ ਨੂੰ ਸੁਣਾਇਆ ਜਾਂਦਾ ਹੈ।

ਗੁਰੂ ਜੀ ਕਹਿੰਦੇ ਹਨ :-
ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥
( ਪੰਨਾ 1162)

ਅਰਥ :- ਗੁਰੂ ਜੀ = ਹੇ ਪਰਮੇਸ਼ਰ ਅਸੀਂ ਆਪ ਜੀ ਦੇ ਸਾਰਿਆਂ ਨਾਮਾਂ ਤੋਂ ਬਲਿਹਰੇ ਸਦਕੇ ਜਾਂਦੇ ਹਾਂ, ਤੇਰੇ ਨਾਮ ਸਾਰੇ ਹੀ, ਜੀਵਾਂ ਨੂੰ ਪਰਮਗਤੀ ਬਖਸ਼ਦੇ ਹਨ। ਕਿਸੇ ਵੀ ਧਰਮ ਨਾਲ ਸਬੰਧ ਰਖਦਾ ਹੋਵੇ, ਪਰ ਗੁਰੂ ਵਾਲਾ ਹੋਵੇ।

ਮਾਰੂ ਮਹਲਾ 5 ॥ (ਪੰਨਾ 1001)
ਖਤ੍ਰੀ ਬ੍ਰਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ ॥
ਗੁਰੁ ਨਾਨਕ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥4॥

ਅਰਥ :- ਖਤਰੀ, ਬ੍ਰਹਮਣ, ਸੂਦਰ, ਵੈਸ਼, ਸਾਰੇ ਪ੍ਰਮਾਤਮਾਂ ਦਾ ਇਕੋ ਨਾਮ ਜਪਕੇ ਤਰਾਨਥ = ਭਵਜਲ ਸੰਸਾਰ ਤੋਂ ਤਰ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਇਕ ਉਪਦੇਸ਼ ਦਿੰਦੇ ਹਨ, ਜੋ ਸੁਨੈ = ਜਿਹੜਾ ਵੀ ਗੁਰੂ ਧਾਰਨ ਕਰਕੇ ਨਾਮ ਨੂੰ ਸੁਣੇਂਗਾ ਉਹ ਪਾਰ ਉਤਰ ਜਾਏਗਾ।

ਸੂਹੀ ਮਹਲਾ 5॥ (ਪੰਨਾ 747)
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥3॥

ਅਰਥ:- ਚਾਰੇ ਬੇਦ, ਚਾਰ ਕਤੇਬਾਂ, ਸਤਾਈ ਸਿਮ੍ਰਿਤੀਆਂ, ਛੇ ਸ਼ਾਸਤ੍ਰ, ਅਠਾਰਾਂ ਪੁਰਾਨ ਹਨ। ਅਤੇ ਸਭਿ ਸਾਸਤ= ਤੋਂ ਭਾਵ ਹੈ ਸਾਰੀ ਦੁਨੀਆਂ ਦਾ ਸਾਸਤ ਧਾਰਮਕ ਗ੍ਰੰਥ ਪੜ੍ਹ ਲਵੋ, ਪਰ ਸੱਚੇ ਨਾਮ ਤੋਂ ਬਿਨ੍ਹਾਂ ਮੁਕਤੀ ਨਹੀਂ ਹੈ। ਇਕ ਅਖਰੁ= ਸ਼ਬਦ ਪਰਮਾਤਮਾਂ ਦਾ ਨਾਮੁ, ਗੁਰੂ ਦੁਆਰਾ ਜਿਸ ਨੇਂ ਸੁਣਿਆ ਹੋਇਆ ਹੈ, ਉਸ ਦਾ ਆਉਣਾ ਸਫਲਾ ਹੋਵੇਗਾ। ਨੋਟ = ਏਕ ਅਖਰੁ= ਇਹ ਖਰਦਾ ਨਹੀਂ ਇਸ ਦਾ ਨਾਸ਼ ਨਹੀਂ ਹੁੰਦਾ।

ਤਥਾ : ਮ: 3॥ ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ ॥
ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ ॥੨॥
(ਪੰਨਾ 84)

ਅਰਥ :- ਨਾਮ ਤੋਂ ਬਿਨਾਂ ਜਿਨਾਂ ਵੀ ਗ੍ਰੰਥਾਂ ਦਾ ਪੜ੍ਹਨਾ ਹੈ,ਅਤੇ ਬੋਲਣਾ ਹੈ। ਸਭ ਮਾਇਆ ਦਾ ਹੀ ਪਿਆਰ ਹੈ। ਨਾਮ ਤੋਂ ਵਗੈਰ ਇਸ ਦੁਨੀਆਂ ਵਿਚ ਕੁਛ ਵੀ ਥਿਰ ਨਹੀਂ ਹੈ, ਦਵੈਤ ਭਾਵਨਾਂ ਦੀ ਪੜ੍ਹਾਈ ਕਰਕੇ ਗ੍ਰੰਥਾਂ ਨੂੰ ਪੜ੍ਹ ਪੜ੍ਹ ਕੇ ਨਸ਼ਿੱਧ ਜੂਨੀਆਂ ਵਿਚ ਖੁਆਰ ਹੁੰਦਾ ਹੈ। ਸਾਰੇ ਗ੍ਰੰਥ ਨਾਮ ਜਪਣ ਲਈ ਪੁਕਾਰ ਰਹੇ ਹਨ। ਗ੍ਰੰਥ ਵੀ ਆਖ੍ਹਰ ਨਾਮ ਦੇ ਸਹਾਰੇ ਹੀ ਖੜ੍ਹੇ ਹਨ। ਧਰਤੀ ਨਾਮ ਤੇ ਖੜ੍ਹੀ ਹੈ।

ਤਥਾ: ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ ॥
ਬਸੁਧਾ ਕਾਗਦੁ ਜਉ ਹਰਿ ਕਰਹੁ ਜਸੁ ਲਿਖਨੁ ਨ ਜਾਇ ॥81॥(ਪੰਨਾ 1368)

ਅਰਥ:- ਕਬੀਰ ਜੀ ਕਹਿੰਦੇ ਹਨ:- ਸਤਾਂ ਸਮੁੰਦਰਾਂ ਦੇ ਪਾਣੀ ਦੀ ਮਸੁ= ਸਿਆਹੀ ਬਣਾ ਲਵੇ ਕੋਈ ਪੁਰਖੁ , ਬਨਰਾਇ = ਅਠਾਰਾਂ ਭਾਰ ਬਨਾਸਪਤੀ ਦਰਖਤਾਂ ਆਦ ਦੀਆਂ ਕਲਮਾਂ ਬਣਾ ਲਵੇ।

ਬਸੁਧਾ = ਸਾਰੀ ਧਰਤੀ ਜੋ 49 ਕ੍ਰੋੜ ਜੋਜਨ ਵਿਚ ਹੈ, ਸਾਰੀ ਧਰਤੀ ਦੀ ਮਿਟੀ ਗੁੰਧ ਕੇ ਕਾਗਜ਼ ਬਣਾ ਲਵੇ, ਅਤੇ ਹਜ਼ਾਰਾਂ, ਲੱਖਾਂ ਸਾਲ ਲਿਖੀ ਜਾਵੇ ਤਾਂ ਵੀ ਹਰੀ ਜਸ = ਲਿਖਣ ਵਿਚ ਨਹੀਂ ਆਉਂਦਾ। ਜਿਤਨਾ ਲਿਖੇਗਾ ਉਤਨਾਂ ਹੀ ਹੋਰ ਵੱਧਦਾ ਜਾਏਗਾ। ਆਖ੍ਹਰ ਨੂੰ ਬੇਅੰਤ ਕਹੇਗਾ।

ਤਥਾ :- ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨ ਪਵੈ ਹਉ ਕੇ ਵਡ ਆਖਾ ਨਾਉ ॥4॥



ਸ੍ਰੀ ਰਾਗ ਮਹਲਾ 1 ( ਪੰਨਾ 14)
ਸ੍ਰੀ ਗੁਰੂ ਨਾਨਕ ਦੇਵ ਜੀ ਭੀ ਕਬੀਰ ਜੀ ਵਾਂਗ ਕਹਿੰਦੇ ਹਨ :-

ਲਖਾਂ ਮਣ ਕਾਗਜ਼ ਤਿਆਰ ਕਰ ਲਈਏ, ਸ਼ਾਹੀ ਵੀ ਬੇਅੰਤ ਹੋਵੇ ਲਿਖਾਰੀ ਦੀ ਕਲਮ ਭੀ ਹਵਾ ਦੀ ਤੇਜ਼ ਰਫਤਾਰ ਵਾਂਗ ਚਲਦੀ ਹੋਵੇ। ਬੇਅੰਤ ਗ੍ਰੰਥ ਤਿਆਰ ਕਰਕੇ ਪੜ੍ਹੀਏ ਪ੍ਰੇਮ ਦੇ ਨਾਲ, ਪਰ ਆਪ ਜੀ ਦੀ ਕੀਮਤ ਨਹੀਂ ਪਾ ਸਕਦੇ। ਹਉ = ਮੈਂ ਆਪ ਜੀ ਦੇ ਨਾਮ ਨੂੰ ਕਿਤਨਾਕ ਵੱਡਾ ਆਖਾਂ ॥4॥ ਆਪ ਬੇਅੰਤ ਹੋ। ਸੰਤ ਮਹਾਰਾਜ ਕਾਰਕੁ ਪੁਰਸ਼ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਹਰਮੋਨੀਅਮ ਦੀਆਂ ਮਿਠੀਆਂ ਧੁਨਾਂ ਦੁਆਰਾ ਇਹਨਾਂ ਸ਼ਬਦਾਂ ਦੀ ਵਿਆਖਿਆ ਕਰਦੇ ਸਨ, ਤਾਂ ਸਾਰੀ ਸੰਗਤ ਸਮਾਧਿਸ਼ਟ ਹੋ ਕੇ ਸ੍ਰਵਣ ਕਰਦੀ ਸੀ, ਚਿੜੀ ਵੀ ਨਹੀਂ ਚੂੰਕਦੀ ਸੀ, ਇਤਨੀਂ ਆਨੰਦ ਦਾਇਕ ਸੰਗਤ ਸੀ। ਇਸ ਤਰਾਂ ਸੁਰੀਲੀਆਂ ਧੁਨਾਂ ਵਿਚ ਧਾਰਨਾਂ ਪੜ੍ਹਦੇ ਸੀ।

ਧਾਰਨਾਂ = ਤੇਰਾ ਜੱਸ ਲਿਖਿਆ ਨਾ ਜਾਵੇ ਲੱਖਾਂ ਮਣ ਕਾਗਜ਼ਾਂ ਤੇ ।2।
ਅੰਤਰਾ = ਮੇਰੇ ਪਿਆਰੇ ਜੀ ਲਖਾਂ ਮਣ ਕਾਗਜ਼ਾਂ ਤੇ ।2।

ਤਥਾ : ਕਾਗਦ ਦੀਪ ਸਭੈ ਕਰਿ ਕੈ ਅਰੁ ਸਾਤ ਸਮੁੰਦ੍ਰਨ ਕੀ ਮਸੁ ਕੈਹੋ ॥
ਕਾਟ ਬਨਾਸਪਤੀ ਸਮਗਰੀ ਲਿਖਬੇ ਹੂੰ ਕੇ ਲੇਖਨ ਕਾਜ ਬਨੈ ਹੋ ॥
ਸਾਰਸੁਤੀ ਬਕਤਾ ਕਰਕੈ ਜੁਗ ਕੋਟ ਗਨੇਸ ਕੈ ਹਾਥ ਲਿਖੈ ਹੋ ॥
ਕਾਲ ਕ੍ਰਿਪਾਨ ਬਿਨਾ ਬਿਨਤੀ ਨ ਤੋਊ ਤੁਮ ਕੋ ਪ੍ਰਭ ਨੈਕ ਰਿਝੈ ਹੋ ॥101॥
( ਬਚਿੱਤ੍ਰ ,ਨਾਟਕ ਦਸਮ ਗ੍ਰੰਥ)

ਸੰਖੇਪ ਵਿਚ : ਸ੍ਰੀ ਗੁਰੂ ਗੋਬਿੰਦ ਸਿੰਘ ਵੀ ਆਪਣੀਂ ਰਚਨਾਂ ਵਿਚ ਉਪਰ ਲਿਖੇ ਸ਼ਬਦਾਂ ਵਾਂਗ ਹੀ ਕਹਿੰਦੇ ਹਨ,ਕੇ ਕਰੋੜਾਂ ਜੁਗ ਸਾਰਸੁਤੀ ਜੀ ਬੋਲਕੇ ਲਿਖਾਂਦੇ ਹੋਣ, ਅਤੇ ਗਣੇਸ਼ ਜੀ ਕਰੋੜਾ ਜੁਗ ਬੈਠਾ ਲਿਖੀ ਜਾਵੇ। ਫੇਰ ਵੀ ਆਪ ਜੀ ਬੇਨਤੀ ਅਰਦਾਸ ਤੋਂ ਬਿਨਾਂ ਭਿਜਦੇ ਨਹੀਂ, ਜ਼ਿਆਦਾ ਲਿਖਣ ਪੜ੍ਹਨ ਨਾਲ ਨਹੀਂ ਭਿਜਦੇ।

ਤਥਾ :- ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ ॥
ਏ ਦੁਇ ਅਖਰ ਨ ਖਿਸਹਿ ਸੋ ਗਹਿ ਰਹਿਓ ਕਬੀਰੁ
॥171॥( ਪੰਨਾ 1373)

ਅਰਥ:- ਕਬੀਰ ਜੀ ਕਹਿੰਦੇ ਹਨ :- ਜਿਵੇਂ ਸੂਰਜ ਦੇ ਚੜ੍ਹਨ ਨਾਲ ਪਰਭਾਤੇ ਸਵੇਰੇ = ਤਾਰੇ ਖਸਹਿ= ਅਲੋਪ ਹੋ ਜਾਂਦੇ ਹਨ, ਇਸੇ ਤਰ੍ਹਾਂ ਇਕ ਦਿਨ ਇਸ ਸਰੀਰ ਨੇ ਵੀ ਖਿਸਕ ਜਾਣਾ ਹੈ। ਇਹਦੋਇ ਅਖਰ= ਰਾਮ = ਸ਼ਬਦ ਨਹੀਂ ਖਿਸਕਦੇ, ਇਹਨਾਂ ਦਾ ਨਾਸ ਨਹੀਂ ਹੁੰਦਾ, ਇਸ ਕਰਕੇ ਮੈਂ ਇਹ ਦੋ ਅਖਰ ਗਹਿ- ਫੜਕੇ ਰਖੇ ਹਨ ਆਪਣੇ ਹਿਰਦੇ ਵਿਚ।

ਤਥਾ:- ਕਹੁ ਕਬੀਰ ਅਖਰ ਦੁਇ ਭਾਖਿ ॥
ਹੋਇਗਾ ਖਸਮੁ ਤ ਲਇਗਾ ਰਾਖਿ ॥(3 ਪੰਨਾ 329)

(ਸਾਖੀ ਨਾਮ ਤੇ ਵਿਸ਼ਵਾਸ ਦੀ)

ਇਕ ਗੁੱਜਰੀ ਹਰ ਰੋਜ਼ ਆਪਣੇ ਪਿੰਡ ਤੋਂ ਚਲਕੇ ਸ਼ਹਿਰ ਵਿਚ ਦੁਧ ਵੇਚਣ ਆਉਂਦੀ ਸੀ। ਇਕ ਦਿਨ ਇਕ ਪੰਡਤ ਕਥਾ ਕਰਦਾ ਸੀ, ਗੁਜਰੀ ਦੁੱਧ ਵੇਚ ਕੇ ਘਰ ਨੂੰ ਜਾ ਰਹੀ ਸੀ। ਗੁਜਰੀ ਨੇ ਸੋਚਿਆ ਕੇ ਦੁੱਧ ਤਾਂ ਵਿਕ ਗਿਆ ਹੈ, ਆਪਾਂ ਵੀ ਕਥਾ ਸ੍ਰਵਣ ਕਰ ਲਈਏ। ਪੰਡਤ ਵੀ ਚੰਗਾ ਵਿਦਵਾਨ ਹੈ। ਗੁੱਜਰੀ ਕਥਾ ਸੁਣ ਕੇ ਅਤੀ ਪ੍ਰਸੰਨ ਹੋਈ। ਉਸ ਦਿਨ ਤੋਂ ਗੁੱਜਰੀ ਹੋਰ ਵੀ ਜਲਦੀ ਆਉਣ ਲੱਗ ਪਈ , ਬਿਨਾਂ ਨਾਗਾ ਕਥਾ ਦਾ ਅਨੰਦ ਪ੍ਰਾਪਤ ਕਰਨ ਲੱਗੀ। ਇਕ ਦਿਨ ਕਥਾ ਵਿਚ ਪ੍ਰਸੰਗ ਚਲਦਾ ਸੀ , ਕਿ ਹਰੀ ਵਾਹਿਗੁਰੂ ਦਾ ਜਿਹੜਾ ਨਾਮ ਹੈ। ਉਹ ਲੋਕ ਪ੍ਰਲੋਕ ਸਹਾਇਤਾ ਕਰਦਾ ਹੈ।ਪੰਡਤ ਨੇ ਆਪਣੇ ਵਿਚਾਰਾਂ ਦੁਆਰਾ ਕਿਹਾ ਕੇ ਜਿਹੜਾ ਪ੍ਰਾਣੀ ਰਾਮ ਰਾਮ ਦਾ ਸਿਮਰਨ ਕਰਦਾ ਹੈ,ਰਾਮ ਨਾਮ ਉਸ ਨੂੰ ਅੱਗ ਵਿਚ ਸੜਨ ਨਹੀਂ ਦਿੰਦਾ। ਪਾਣੀ ਵਿਚ ਡੁਬਣ ਨਹੀਂ ਦਿੰਦਾ

ਅਤੇ ਤਿਖੇ ਸ਼ਾਂਸਤ੍ਰ ਪਾਸੋਂ ਬਚਾ ਕਰਦਾ ਹੈ। ਗੁਜਰੀ ਨੂੰ ਸੁਣ ਕੇ ਹੋਰ ਵੀ ਅਨੰਦ ਦੀ ਪ੍ਰਾਪਤੀ ਹੋਈ। ਕਿਉਕਿ ਮਨ ਦੇ ਉਪਰੋਂ ਭਰਮ ਦੀ ਕਾਈ = ਮੈਲ ਲੱਥ ਗਈ, ਪੂਰਨ ਨਿਸ਼ਚਾ ਹੋ ਗਿਆ, ਭਰੋਸਾ ਹੋ ਗਿਆ ਹਰੀ ਦੇ ਨਾਮ ਉਤੇ, ਘਰ ਨੂੰ ਜਾਣ ਸਮੇਂ ਗੁਜ਼ਰੀ ਨੇ ਸੋਚਿਆ ਕਿ ਹਰ ਰੋਜ਼ ਨਦੀ ਪਾਰ ਕਰਨ ਲਈ ਪੁੱਲ ਦੇ ਉਪਰ ਦੀ ਜਾਈਦਾ ਹੈ, ਢਾਈ ਕੋਹ ਵਾਟ ਪੈਂਦੀ ਹੈ ਤੁਰਨ ਲਈ। ਅੱਜ ਰਾਮ ਰਾਮ ਕਰਦੀ ਸਿੱਧੀ ਨਦੀ ਪਾਰ ਕਰਾਂਗੀ, ਪ੍ਰਮਾਤਮਾਂ ਦੇ ਨਾਮ ਤੇ ਭਰੋਸਾ ਕਰਕੇ ਗੁੱਜਰੀ ਸਿੱਧੀ ਨਦੀ ਵਿਚ ਠਿਲ ਗਈ ਅਤੇ ਰਾਮ ਰਾਮ ਦੀ ਰੱਟ ਲਾ ਦਿੱਤੀ। ਉਸ ਨਾਮ ਨੇ ਗੁਜਰੀ ਨੂੰ ਪਾਰ ਲਾ ਦਿੱਤਾ। ਗੁੱਜਰੀ ਦੀ ਪ੍ਰਮਾਤਮਾਂ ਦੇ ਨਾਮ ਤੇ ਅਥਾਹ ਸ਼ਰਧਾ ਹੋ ਗਈ। ਹਰ ਰੋਜ ਢਾਈ ਕੋਹ ਦੀ ਬਜਾਏ ਇਕ ਕੋਹ ਵਾਟ ਤੁਰਨੀਂ ਪੈਂਦੀ ਸੀ, ਡੇਢ ਕੋਹ ਦੀ ਬੱਚਤ ਹੋ ਗਈ। ਅਤੇ ਨਾਮ ਜਪਦੀ ਜਪਦੀ ਪੂਰਨ ਭਗਤਨੀ ਬਣ ਗਈ। ਹਰ ਰੋਜ ਕਥਾ ਵੀ ਸੁਣਦੀ ਹੈ ਅਤੇ ਆਪਣੀ ਉਪਜੀਵਕਾ ਲਈ ਦੁਧ ਵੀ ਵੇਚਦੀ ਹੈ। ਪੰਡਿਤ ਤੇ ਸ਼ਰਧਾ ਹੋ ਗਈ , ਜਿਸ ਤੋਂ ਕਥਾ ਸੁਣ ਕੇ ਉਸ ਨੂੰ ਪਰਮ ਅਨੰਦ ਦੀ ਪ੍ਰਾਪਤੀ ਹੋ ਗਈ। ਇਕ ਦਿਨ ਗੁੱਜਰੀ ਨੇ ਪੰਡਿਤ ਨੂੰ ਨਿਉਂਤਾ ਦਿੱਤਾ ਕਿ ਪੰਡਤ ਜੀ ਮਹਰਾਜ ਦਾਸੀ ਆਪ ਜੀ ਦੇ ਚਰਨਾਂ ਵਿਚ ਬੇਨਤੀ ਕਰਦੀ ਹੈ, ਆਪ ਦਾਸੀ ਦੇ ਗ੍ਰਹਿ ਵਿਖੇ ਪ੍ਰਸ਼ਾਦਿ ਛਕੋ, ਪਵਿਤ੍ਰ ਚਰਨ ਪਾ ਕੇ ਦਾਸੀ ਦੀ ਕੁਟੀਆਂ ਨੂੰ ਭਾਗ ਲਾਓ। , ਕਿਉਕਿ ਗੁੱਜਰੀ ਸਮਝਦੀ ਸੀ ਕਿ ਮੈਨੂੰ ਜੋ ਪਰਮ ਅਨੰਦ ਦੀ ਪ੍ਰਾਪਤੀ ਹੋਈ ਹੈ, ਪੰਡਿਤ ਦੀ ਕਥਾ ਸੁਣ ਕੇ ਇਹ ਪ੍ਰਾਪਤੀ ਪੰਡਿਤ ਦੇ ਪਾਸ ਤਾਂ ਹੋਵੇਗੀ। ਜੋ ਆਪਣੀ ਕਥਾ ਦੁਆਰਾ ਭੁਲਿਆਂ ਭਟਕਿਆਂ ਨੂੰ ਗਿਆਨ ਕਰਾਉਂਦਾ ਹੈ, ਪੰਡਿਤ ਨੇ ਗੁਜ਼ਰੀ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਦਿਨ ਨੀਅਤ ਕੀਤਾ ਗਿਆ ਕੇ ਫਲਾਣੇ ਦਿਨ ਆਪ ਜੀ ਨੂੰ ਆਪਣੇ ਘਰ ਲੈ ਕੇ ਜਾਵਾਂਗੀ। ਮਿਥੇ ਹੋਏ ਟਾਈਮ ਮੁਤਾਬਿਕ ਗੁੱਜਰੀ ਪੰਡਿਤ ਨੂੰ ਬੁਲਾ ਕੇ ਲੈ ਜਾਂਦੀ ਹੈ। ਜਿਸ ਵੇਲੇ ਨਦੀ ਦੇ ਕਿਨਾਰੇ ਪਹੁੰਚੇ ਤਾਂ ਗੁੱਜਰੀ ਨੇ ਰਾਮ ਰਾਮ ਗੁਰਮੰਤਰ ਦਾ ਜਾਪ ਕੀਤਾ ਪਾਰ ਹੋ ਗਈ ਅਤੇ ਪੰਡਿਤ ਨੂੰ ਬੇਨਤੀ ਕਰਦੀ ਹੈ, ਪੰਡਿਤ ਜੀ ਆਓ ਖੜ੍ਹੇ ਕਿਉਂ ਹੋ। ਪੰਡਿਤ ਕਹਿੰਦਾ ਮੈਨੂੰ ਤੈਂ ਨਦੀ ਵਿਚ ਡੋਬਣਾ ਹੈ। ਮੈਂ ਨਦੀ ਦੇ ਪੁਲ ਦੁਆਰਾ ਜਾਊਂਗਾ। ਗੁੱਜਰੀ ਕਹਿੰਦੀ ਹੈ :-

ਪੰਡਤਾ ਪੜ੍ਹਦਾ ਪੜ੍ਹਦਾ ਪੜ੍ਹ ਗਿਆ ਪੜ੍ਹ ਗਿਆ ਚਾਰੇ ਬੇਦ।
ਨਿਸ਼ਚਾ ਰਿਦੇ ਨਾ ਆਇਓ ਰਹਿਆ ਢੇਡ ਕਾ ਢੇਡ।

ਵਾਹ ਗੁੱਜਰੀ ਵਾਹ, ਧੰਨ ਹੈਂ, ਜਿਸ ਨੇਂ ਨਾਮ ਦੁਆਰਾ ਨਾਮੀਂ ਨੂੰ ਪਾਲਿਆ ਹੈ।

ਅਰਜ਼ੋਈ :- ਗੁਰਬਾਣੀ ਪੜ੍ਹਕੇ ਵਿਚਾਰਨੀ ਹੈ, ਅਮਲ ਕਰਨਾ ਜਰੂਰੀ ਹੈ। ਪੰਡਤ ਰਹਿ ਜਾਂਦਾ ਹੈ, ਪੰਡਤ ਤੋ ਸੁਣ ਕੇ ਅਮਲ ਕਰਨ ਵਾਲੀ ਗੁੱਜਰੀ ਤਰ ਗਈ, ਉਸ ਦਾ ਜਨਮ ਸਫਲਾ ਹੋ ਗਿਆ ਕਥਾਂ ਸੁਣਕੇ ।ਪੰਡਤ ਗ੍ਰੰਥਾਂ ਨੂੰ ਪੜ੍ਹਦਾ ਹੀ ਰਹਿ ਗਿਆ। ਨੋਟ:- ਪੰਡਤ ਵਿਦਵਾਨ ਨੂੰ ਕਹਿੰਦੇ ਹਨ, ਇਹ ਇਕ ਖਿਤਾਬ ਹੈ। ਨੋਟ :- ਇਹ ਸਾਖੀ ਦਾਸ ਦੀ ਲਿਖੀ ਪੁਸਤਕ ਨਾਮ ਕੀ ਮਹਿਮਾ = ਦੇ 19 ਪੇਜ 'ਤੇ ਹੈ।

ਹੋਈਆਂ ਭੁਲਾਂ ਦੀ ਮੁਆਫੀ ਚਾਹੁੰਦਾ ਹਾਂ। ਤੁਹਾਡੀਆਂ ਕਾਲਾਂ ਆਉਣ 'ਤੇ ਧੰਨਵਾਦ।

SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile
Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3



ਮੰਨ ਪਸੰਦ ਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops
100% Satisfaction On Time
We Specialize In:
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor
ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)





FREDERICK BANTING INTERNATIONAL SCHOOL
- CLASSES FROM KINDERGARTEN TO GRADE 12
- SMALL CLASS SIZE (MAX 19 STUDENTS PER CLASS)
- CELL PHONES NOT ALLOWED ON SCHOOL PROPERTY
- INNOVATIVE MATH PROGRAM AND NO USE OF CALCULATORS UNTIL GRADE 8
- ROBOTICS & STEM CLUB; MENTAL MATH; CHESS; MARTIAL ARTS; YOGA
- WESTERN DANCES (HIP HOP, JAZZ, BALLET, AND OTHERS); BHANGRA (PUNJABI FOLK DANCE); BOLLYWOOD DANCE
- FREE ACADEMIC HELP UNTIL 6:00 PM
- FRENCH LANGUAGE CLASSES BEGINNING FROM KINDERGARTEN








COVENTRY CAMPUS
21 Coventry Rd, Brampton, Ontario L6T 4V7
Phone: 647-407-4600
FREDERICK BANTING INTERNATIONAL SCHOOL
WWW.FBI.SCHOOL | INFO@FBS.SCHOOL
HIGHLIGHTS
- MID-TERM AND FINAL EXAMS BEGINNING AT GRADE 1
- INTENSIVE CARE UNIT FOR STUDENTS WHO NEED EXTRA HELP
- PARENT - PRINCIPAL MEETING EACH MONTH
- HOCKEY; BASKETBALL; SOCCER; FITNESS; AEROBICS

## ਪਤੀ ਦੇ ਨਾਜਾਇਜ਼ ਸੰਬੰਧਾਂ ਦੇ ਝਗੜੇ ਕਾਰਨ ਪਤਨੀ ਦਾ ਕਤਲ

ਮੋਹਾਲੀ, 26 ਸਤੰਬਰ (ਪੋਸਟ ਬਿਊਰੋ)- ਮਜਾਤ ਚੌਕੀ ਦੇ ਪਿੰਡ ਝੰਜੇੜੀ ਵਿੱਚ ਸੋਮਵਾਰ ਦੇਰ ਸ਼ਾਮ ਇੱਕ ਵਿਅਕਤੀ ਨੇ ਪਤਨੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮ੍ਰਿਤਕਾ ਦੀ ਪਛਾਣ ਰੇਖਾ ਰਾਣੀ (35) ਵਜੋਂ ਹੋਈ ਹੈ। ਮਜਾਤ ਪੁਲਸ ਨੇ ਰੇਖਾ ਦੇ ਪਤੀ ਮਹਾਵੀਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ, ਜੋ ਪੇਸ਼ੇ ਤੋਂ ਟਰੱਕ ਡਰਾਈਵਰ ਹੈ।

ਚੌਕੀ ਇੰਚਾਰਜ ਨਿਧਾਨ ਸਿੰਘ ਨੇ ਦੱਸਿਆ ਕਿ ਮਹਾਵੀਰ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਮਹਾਵੀਰ ਦਾ 12 ਸਾਲ ਪਹਿਲਾਂ ਰੇਖਾ ਨਾਲ ਵਿਆਹ ਹੋਇਆ ਸੀ। ਦੋਵਾਂ ਦੇ ਤਿੰਨ ਬੱਚੇ ਹਨ। ਮਹਾਵੀਰ ਦੇ ਚਾਚੀ ਰਾਣੀ ਨਾਲ ਨਾਜਾਇਜ਼ ਸੰਬੰਧ ਸਨ, ਜਿਸ ਦੀ ਜਾਣਕਾਰੀ ਉਸ ਦੀ ਪਤਨੀ ਰੇਖਾ ਨੂੰ ਸੀ। ਇਸ ਬਾਰੇ ਦੋਵਾਂ ਦਾ ਅਕਸਰ ਝਗੜਾ ਹੁੰਦਾ ਸੀ। ਕੱਲ੍ਹ ਰਾਤ 12 ਵਜੇ ਦੋਵਾਂ ਵਿੱਚ ਇਸੇ ਗੱਲ ਤੋਂ ਬਹਿਸ ਹੋਈ ਅਤੇ ਮਹਾਵੀਰ ਨੇ ਤੇਜ਼ਧਾਰ ਹਥਿਆਰ ਨਾਲ ਪਤਨੀ ਰੇਖਾ ਦੇ ਸੀਨੇ ਉਤੇ ਵਾਰ ਕਰ ਕੇ ਉਸ ਦਾ ਕਤਲ ਕਰ ਦਿੱਤਾ ਅਤੇ ਫਰਾਰ ਹੋ ਗਿਆ। ਚੌਕੀ ਇੰਚਾਰਜ ਨਿਧਾਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਮਹਾਵੀਰ ਨੂੰ ਗ੍ਰਿਫਤਾਰ ਕਰ ਲਿਆ ਅਤੇ ਪੁੱਛਗਿੱਛ ਜਾਰੀ ਹੈ।

## ਪੰਜਾਬ ਦੀ ਆਪ ਪਾਰਟੀ ਦੇ ਵਿਧਾਇਕਾਂ ਦੇ ਨਾਲ ਸਿਸੋਦੀਆ ਵੱਲੋਂ ਬੈਠਕ

### * ਛੋਟੇਪੁਰ ਤੇ ਗਾਂਧੀ ਬਾਰੇ ਚਰਚਾ, ਖਹਿਰਾ ਨਾਲ ਗੱਲ ਜਾਰੀ ਰਹੇਗੀ

ਚੰਡੀਗੜ੍ਹ, 26 ਸਤੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਵਿੱਚ ਚੱਲਦੇ ਸਿਆਸੀ ਸੰਕਟ ਦੌਰਾਨ ਦਿੱਲੀ ਦੇ ਉਪ ਮੁੱਖ ਮੰਤਰੀ ਅਤੇ ਪੰਜਾਬ ਦੀ ਪਾਰਟੀ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਕੱਲ੍ਹ ਸ਼ਾਮ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ ਦੇ ਫਲੈਟ ਉੱਤੇ ਪਾਰਟੀ ਵਿਧਾਇਕਾਂ ਨਾਲ ਬੈਠਕ ਕੀਤੀ, ਜਿਸ ਵਿੱਚ ਮੁੱਖ ਮੁੱਦਾ ਪਾਰਟੀ ਤੋਂ ਨਾਰਾਜ਼ ਹੋ ਗਏ ਲੋਕਾਂ ਨੂੰ ਮਨਾਉਣ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਦਾ ਬਣਿਆ ਰਿਹਾ।



ਉੱਤਰੀ ਰਾਜਾਂ ਦੇ ਵਿੱਤ ਮੰਤਰੀਆਂ ਦੀ ਬੈਠਕ ਕਰਨ ਦੇ ਬਾਅਦ ਮੁਨੀਸ਼ ਸਿਸੋਦੀਆ ਸ਼ਾਮ ਨੂੰ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ ਦੇ ਫਲੈਟ ਵਿਖੇ ਪਹੁੰਚੇ ਅਤੇ ਪਾਰਟੀ ਵਿਧਾਇਕਾਂ ਨਾਲ ਬੈਠਕ ਕੀਤੀ। ਇਸ ਨੂੰ ਬੇਹੱਦ ਗੁਪਤ ਰੱਖਿਆ ਗਿਆ। ਪਾਰਟੀ ਸੂਤਰਾਂ ਮੁਤਾਬਕ ਬੈਠਕ ਵਿੱਚ ਪਿਛਲੇ ਦਿਨਾਂ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ ਦੀ ਅਗਵਾਈ ਵਿੱਚ ਸੁੱਚਾ ਸਿੰਘ ਛੋਟੇਪੁਰ ਅਤੇ ਸਸਪੈਂਡ ਕੀਤੇ ਹੋਏ ਪਾਰਲੀਮੈਂਟ ਮੈਂਬਰ ਡਾਕਟਰ ਧਰਮਵੀਰ ਗਾਂਧੀ ਨਾਲ ਕੀਤੀ ਗਈ ਗੱਲਬਾਤ ਬਾਰੇ ਚਰਚਾ ਹੋਈ। ਇਨ੍ਹਾਂ ਦੋਵਾਂ ਨੇਤਾਵਾਂ ਨੇ ਪਾਰਟੀ ਲੀਡਰਸ਼ਿਪ ਦੇ ਸਾਹਮਣੇ ਆਪਣੀ ਗੱਲ ਸਪੱਸ਼ਟ ਰੱਖੀ ਸੀ, ਪਰ ਪਾਰਟੀ ਦੀ ਹਾਈ ਕਮਾਨ ਕੋਈ ਫੈਸਲਾ ਨਹੀਂ ਲੈ ਰਹੀ। ਇਸ ਬੈਠਕ ਵਿੱਚ ਖਹਿਰਾ ਗੁਟ ਦੀਆਂ ਗਤੀਵਿਧੀਆਂ ਉਤੇ ਵੀ ਚਰਚਾ ਹੋਈ ਅਤੇ ਉਸ ਨੂੰ ਮਿਲੇ ਵਾਲੰਟੀਅਰਾਂ ਦੇ ਸਮਰਥਨ ਨੂੰ ਨੋਟ ਕੀਤਾ ਗਿਆ। ਜਾਣਕਾਰ ਸੂਤਰਾਂ ਮੁਤਾਬਕ ਹਾਈ ਕਮਾਨ ਇਨ੍ਹਾਂ ਦੋਵਾਂ ਨੇਤਾਵਾਂ ਬਾਰੇ ਫੈਸਲਾ ਪਾਲੀਟਿਕਲ ਅਫੇਅਰ ਕਮੇਟੀ (ਪੀ ਏ ਸੀ) ਦੀ ਬੈਠਕ ਪਿੱਛੋਂ ਲਵੇਗੀ।

ਅਗਲੀਆਂ ਲੋਕ ਸਭਾ ਚੋਣਾਂ ਦਾ ਧਿਆਨ ਰੱਖਦੇ ਹੋਏ ਆਮ ਆਦਮੀ ਪਾਰਟੀ ਦੀ ਕੋਸ਼ਿਸ਼ ਹੈ ਕਿ ਪੰਜਾਬ ਪਾਰਟੀ ਨੂੰ ਇਕਜੁੱਟ ਕੀਤਾ ਜਾਏ ਤਾਂ ਕਿ ਮਜ਼ਬੂਤੀ ਨਾਲ ਚੋਣ ਮੈਦਾਨ ਵਿੱਚ ਉੱਤਰਿਆ ਜਾਏ। ਹਾਈ ਕਮਾਨ ਨੇ ਪੰਜਾਬ ਦੇ ਨੇਤਾਵਾਂ ਨੂੰ ਬਾਗੀ ਹੋਇ ਸੁਖਪਾਲ ਸਿੰਘ ਖਹਿਰਾ ਦੇ ਗੁਟ ਨਾਲ ਗੱਲਬਾਤ ਦੀ ਜ਼ਿੰਮੇਵਾਰੀ ਸੌਂਪੀ ਹੈ, ਪਰ ਖਹਿਰਾ ਅਤੇ ਕੰਵਰ ਸੰਧੂ ਬਠਿੰਡਾ ਕਨਵੈਨਸ਼ਨ ਦੇ ਪੰਜ ਪ੍ਰਸਤਾਵਾਂ 'ਤੇ ਅੜੇ ਹੋਣ ਕਾਰਨ ਫਿਲਹਾਲ ਕੋਈ ਫੈਸਲਾ ਨਹੀਂ ਹੋ ਪਾ ਰਿਹਾ। ਇਸ ਦੌਰਾਨ ਮੁਨੀਸ਼ ਸਿਸੋਦੀਆ ਦੀ ਪੰਜਾਬ ਪਾਰਟੀ ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦੇ ਨਾਲ ਮੁਲਾਕਾਤ ਦਾ ਪ੍ਰੋਗਰਾਮ ਸੀ, ਪਰ ਬਾਅਦ ਵਿੱਚ ਉਸ ਨੂੰ ਰੱਦ ਕਰ ਦਿੱਤਾ ਗਿਆ।

## ਸਰਕਾਰ ਦੀ ਜ਼ਿੰਮੇਵਾਰੀ ਹੈ ਹਰ ਇੱਕ ਜ਼ਿਲ੍ਹੇ ਵਿੱਚ ਓਲਡ ਏਜ਼ ਹੋਮ ਬਣਾਉਣਾ: ਹਾਈਕੋਰਟ

ਚੰਡੀਗੜ੍ਹ, 26 ਸਤੰਬਰ (ਪੋਸਟ ਬਿਊਰੋ)- ਬਜ਼ੁਰਗਾਂ ਲਈ ਸੀਨੀਅਰ ਸਿਟੀਜਨ ਐਕਟ ਹੇਠ ਪੰਜਾਬ ਤੇ ਹਰਿਆਣਾ ਵਿੱਚ ਬਣੇ ਓਲਡ ਏਜ਼ ਹੋਮਜ਼ ਬਾਰੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਦੋਵਾਂ ਸੂਬਾ ਸਰਕਾਰਾਂ ਤੋਂ ਸਟੇਟਸ ਰਿਪੋਰਟ ਤਲਬ ਕਰਦੇ ਹੋਏ ਇਸ ਬਾਰੇ ਰੋਡਮੈਪ ਤਿਆਰ ਕਰਨ ਦਾ ਜਵਾਬ ਮੰਗਿਆ ਹੈ।




ਹਾਈ ਕੋਰਟ ਨੇ ਦੋਵਾਂ ਸਰਕਾਰਾਂ ਤੋਂ ਪੁੱਛਿਆ ਹੈ ਕਿ ਉਨ੍ਹਾਂ ਦੇ ਰਾਜਾਂ ਵਿੱਚ ਕਿੰਨੇ ਓਲਡ ਏਜ਼ ਹੋਮ ਹਨ ਅਤੇ ਉਨ੍ਹਾਂ ਵਿੱਚ ਕੀ ਸਹੂਲਤਾਂ ਦਿੱਤੀਆਂ ਗਈਆਂ ਹਨ। ਚੀਫ ਜਸਟਿਸ ਕ੍ਰਿਸ਼ਨ ਮੁਰਾਰੀ ਤੇ ਜਸਟਿਸ ਅਰੁਣ ਪੱਲੀ ਦੀ ਬੈਂਚ ਨੇ ਦੋਵਾਂ ਸੂਬਾ ਸਰਕਾਰਾਂ ਨੂੰ ਸਖਤ ਫਿਟਕਾਰ ਲਾਉਂਦੇ ਹੋਏ ਕਿਹਾ ਕਿ ਉਹ ਇਹ ਯਕੀਨੀ ਕਰਨ ਕਿ ਹਰ ਜ਼ਿਲ੍ਹੇ ਵਿੱਚ ਓਲਡ ਏਜ਼ ਹੋਮ ਬਣੇ ਹੋਣ। ਬਜ਼ੁਰਗ ਲੋਕਾਂ ਲਈ ਓਲਡ ਏਜ਼ ਹੋਮ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ ਤੇ ਉਹ ਇਸ ਤੋਂ ਪਿੱਛੇ ਨਾ ਹਟਣ। ਇਸ ਮਾਮਲੇ ਵਿੱਚ ਇੱਕ ਨਵੰਬਰ ਦੀ ਅਗਲੀ ਸੁਣਵਾਈ ਤੈਅ ਕੀਤੀ ਗਈ ਹੈ। ਮੋਹਾਲੀ ਦੇ ਕੁਲਜੀਤ ਸਿੰਘ ਬੇਦੀ ਵੱਲੋਂ ਦਿੱਤੀ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਮੋਹਾਲੀ ਅਤੇ ਪੰਜਾਬ ਦੇ ਹੋਰ ਜ਼ਿਲ੍ਹਿਆਂ ਵਿੱਚ ਸਰਕਾਰ ਨੇ ਆਪਣਾ ਫਰਜ਼ ਸਹੀ ਤਰ੍ਹਾਂ ਨਾਲ ਨਿਭਾਉਂਦੇ ਹੋਏ ਓਲਡ ਏਜ਼ ਹੋਮ ਨਹੀਂ ਬਣਾਏ। ਬੇਦੀ ਵੱਲੋਂ ਵਕੀਲ ਰੰਜੀਵਨ ਸਿੰਘ ਨੇ ਕਿਹਾ, ਸੀਨੀਅਰ ਸਿਟੀਜ਼ਨ ਐਕਟ ਦੇ ਅਧੀਨ ਹਰ ਜ਼ਿਲ੍ਹੇ ਵਿੱਚ ਓਲਡ ਏਜ਼ ਹੋਮ ਬਣਾਉਣ ਦਾ ਨਿਯਮ ਹੈ ਅਤੇ ਇਸ ਦੇ ਬਾਵਜੂਦ ਪੰਜਾਬ ਇਸ ਨੂੰ ਲਾਗੂ ਨਹੀਂ ਕਰ ਰਿਹਾ। ਹਾਈ ਕੋਰਟ ਨੇ ਪੰਜਾਬ ਦੇ ਨਾਲ ਹਰਿਆਣਾ ਤੋਂ ਵੀ ਜਵਾਬ ਮੰਗਿਆ ਹੈ ਕਿ ਬਜ਼ੁਰਗਾਂ ਨੂੰ ਆਸਰਾ ਦੇਣ ਲਈ ਬਣਾਏ ਨਿਯਮਾਂ ਦੇ ਤਹਿਤ ਸੂਬੇ ਭਰ ਵਿੱਚ ਕਿੰਨੇ ਓਲਡ ਏਜ਼ ਹੋਮ ਬਣਾਏ ਗਏ ਹਨ। ਪਟੀਸ਼ਨਰ ਨੇ ਕਿਹਾ ਹੈ ਕਿ ਪੰਜਾਬ ਵਿੱਚ ਹੁਸ਼ਿਆਰਪੁਰ ਅਤੇ ਹਰਿਆਣਾ ਵਿੱਚ ਰੇਵਾੜੀ ਵਿੱਚ ਇੱਕੋ ਓਲਡ ਏਜ਼ ਹੋਮ ਸੂਬਾ ਸਰਕਾਰਾਂ ਚਲਾ ਰਹੀਆਂ ਹਨ। ਬਾਕੀ ਸੂਬੇ ਵਿੱਚ ਜਿੰਨੇ ਵੀ ਓਲਡ ਏਜ਼ ਹੋਮ ਕੰਮ ਕਰ ਰਹੇ ਹਨ, ਉਹ ਸਾਰੇ ਐਨ ਜੀ ਓ ਚਲਾ ਰਹੇ ਹਨ। ਨਿਯਮ ਮੁਤਾਬਕ ਹਰ ਜ਼ਿਲ੍ਹੇ ਵਿੱਚ ਇੱਕ ਓਲਡ ਏਜ਼ ਹੋਮ ਹੋਣਾ ਜ਼ਰੂਰੀ ਹੈ ਅਤੇ ਅਜਿਹੇ ਵਿੱਚ ਸੂਬਾ ਸਰਕਾਰਾਂ ਯਕੀਨੀ ਕਰਨ ਕਿ ਹਰ ਜ਼ਿਲ੍ਹੇ ਵਿੱਚ ਓਲਡ ਏਜ਼ ਹੋਮ ਬਣਨ।

## ਪੰਜਾਬ ਦੇ ਸਾਰੇ ਪੀ ਸੀ ਐੱਸ ਅਫਸਰਾਂ ਦੀ ਹੜਤਾਲ ਦਾ ਖਤਰਾ

ਜਲੰਧਰ, 26 ਸਤੰਬਰ (ਪੋਸਟ ਬਿਊਰੋ)- ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਦੌਰਾਨ ਨਾਮਜ਼ਦਗੀ ਕਾਗਜ਼ਾਂ ਦੀ ਪੜਤਾਲ ਵੇਲੇ ਮੋਗਾ ਦੇ ਪੀ ਸੀ ਐੱਸ ਅਧਿਕਾਰੀ ਏ ਡੀ ਸੀ ਜਗਵਿੰਦਰਜੀਤ ਸਿੰਘ ਗਰੇਵਾਲ ਅਤੇ ਤਿੰਨ ਕਾਂਗਰਸੀ ਵਿਧਾਇਕਾਂ ਡਾਕਟਰ ਹਰਜੋਤ ਕਮਲ (ਮੋਗਾ), ਦਰਸ਼ਨ ਸਿੰਘ ਬਰਾੜ (ਬਾਘਾ ਪੁਰਾਣਾ) ਅਤੇ ਸੁਖਜੀਤ ਸਿੰਘ ਲੋਹਗੜ੍ਹ (ਧਰਮਕੋਟ) ਵਿਚਾਲੇ ਹੋਏ ਵਿਵਾਦ ਕਾਰਨ ਪੰਜਾਬ ਦੇ ਸਾਰੇ ਪੀ ਸੀ ਐੱਸ ਅਧਿਕਾਰੀਆਂ ਵਿੱਚ ਡੂੰਘਾ ਰੋਸ ਦੇਖਣ ਨੂੰ ਮਿਲ ਰਿਹਾ ਹੈ। ਇਸ ਦੀ ਸੁਲਗ ਰਹੀ ਚੰਗਿਆੜੀ ਕਦੇ ਵੀ ਅੱਗ ਲੱਗ ਸਕਦੀ ਹੈ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਸਾਰੇ ਪੀ ਸੀ ਐੱਸ ਅਧਿਕਾਰੀਆਂ ਦੇ ਵਟਸਐਪ ਗਰੁੱਪ ਵਿੱਚ ਇਸ ਮਾਮਲੇ ਦਾ ਸਖਤ ਵਿਰੋਧ ਜਤਾਉਣ ਅਤੇ ਮੋਗੇ ਜਾ ਕੇ ਇਕੱਠੇ ਹੋਣ ਬਾਰੇ ਰਾਏ ਮੰਗੀ ਜਾ ਰਹੀ ਹੈ। ਸੂਤਰਾਂ ਅਨੁਸਾਰ ਕਾਫੀ ਵੱਡੀ ਗਿਣਤੀ ਵਿੱਚ ਪੀ ਸੀ ਐਸ ਅਧਿਕਾਰੀਆਂ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਮੋਗਾ ਜਾ ਕੇ ਵਿਰੋਧ ਜਤਾਉਣ ਵਾਸਤੇ ਸਹਿਮਤੀ ਪ੍ਰਗਟ ਕੀਤੀ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਪੀ ਸੀ ਐੱਸ ਅਧਿਕਾਰੀਆਂ ਦਾ ਇੱਕ ਵਰਗ ਹੜਤਾਲ 'ਤੇ ਜਾਣ ਲਈ ਸੋਚ ਰਿਹਾ ਹੈ। ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਨਾਮਜ਼ਦਗੀ ਕਾਗਜ਼ਾਂ ਦੀ ਪੜਤਾਲ ਦੌਰਾਨ ਏ ਡੀ ਸੀ ਮੋਗਾ ਨੇ ਤਿੰਨ ਕਾਂਗਰਸੀ ਵਿਧਾਇਕਾਂ ਉੱਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਸੀ ਕਿ ਉਹ ਆਪਣੇ ਸੈਂਕੜੇ ਸਮਰਥਕਾਂ ਨਾਲ ਉਨ੍ਹਾਂ ਦੇ ਦਫਤਰ ਵਿੱਚ ਜ਼ਬਰਦਸਤੀ ਦਾਖਲ ਹੋਏ ਅਤੇ ਵਿਰੋਧੀ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਦੇ ਕਾਗਜ਼ ਰੱਦ ਨਾ ਕਰਨ ਕਰ ਕੇ ਧਮਕਾਇਆ ਸੀ, ਜਿਸ ਕਾਰਨ ਏ ਡੀ ਸੀ ਨੂੰ ਜਾਨ ਬਚਾ ਕੇ ਦਫਤਰ ਤੋਂ ਭੱਜਣਾ ਪਿਆ ਸੀ।

ਏ ਡੀ ਸੀ ਨੇ ਸਟੇਟ ਇਲੈਕਸ਼ਨ ਕਮਿਸ਼ਨ ਕੋਲ ਇਸ ਦੀ ਸ਼ਿਕਾਇਤ ਕੀਤੀ ਸੀ। ਦੂਜੇ ਪਾਸੇ ਵਿਧਾਇਕਾਂ ਦਾ ਇਹ ਕਹਿਣਾ ਸੀ ਕਿ ਉਹ ਏ ਡੀ ਸੀ ਕੋਲ ਆਪਣੀ ਸਮੱਸਿਆ ਲੈ ਕੇ ਗਏ ਸਨ, ਜਿਸ ਨੂੰ ਉਨ੍ਹਾਂ ਨੇ ਕੁਝ ਦੇਰ ਤੱਕ ਸੁਣਿਆ ਤੇ ਫਿਰ ਬਾਹਰ ਚਲੇ ਗਏ। ਵਿਧਾਇਕਾਂ ਨੇ ਕਿਹਾ ਕਿ ਏ ਡੀ ਸੀ ਨੇ ਆਪਣਾ ਫੋਨ ਵੀ ਬੰਦ ਕਰ ਲਿਆ ਸੀ। ਇਸ ਸੰਬੰਧੀ ਡੀ ਸੀ ਅਤੇ ਸਟੇਟ ਇਲੈਕਸ਼ਨ ਕਮਿਸ਼ਨ ਕੋਲ ਸ਼ਿਕਾਇਤ ਦਿੱਤੀ ਗਈ ਸੀ। ਦੂਸਰੇ ਪਾਸੇ ਪੀ ਸੀ ਐੱਸ ਆਫੀਸਰਜ਼ ਐਸੋਸੀਏਸ਼ਨ ਦੇ ਪ੍ਰਧਾਨ ਰਾਜੀਵ ਗੁਪਤਾ ਦਾ ਕਹਿਣਾ ਹੈ ਕਿ ਹੜਤਾਲ ਨਹੀਂ ਕੀਤੀ ਜਾ ਰਹੀ।

## ਮੈਡੀਕਲ ਕਾਲਜ ਵਿੱਚ ਜੀਨਸ ਤੇ ਟੀ-ਸ਼ਰਟ ਪਹਿਨਣ ਦੀ ਪਾਬੰਦੀ ਲੱਗੀ



ਅੰਮ੍ਰਿਤਸਰ, 26 ਸਤੰਬਰ (ਪੋਸਟ ਬਿਊਰੋ)- ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ (ਜੀ ਐੱਮ ਸੀ) ਦੇ ਵਿਦਿਆਰਥੀ-ਵਿਦਿਆਰਥਣਾਂ ਜੀਂਸ, ਟੀ-ਸ਼ਰਟ, ਕੈਪਰੀ ਅਤੇ ਸਕਰਟ ਨਹੀਂ ਪਹਿਨ ਸਕਣਗੇ।

ਕਾਲਜ ਦੀ ਪ੍ਰਿੰਸੀਪਲ ਡਾਕਟਰ ਸੁਜਾਤਾ ਸ਼ਰਮਾ ਨੇ ਲਿਖਤੀ ਹੁਕਮ ਜਾਰੀ ਕਰ ਕੇ ਕਿਹਾ ਹੈ ਕਿ ਵਿਦਿਆਰਥਣਾਂ ਸਕਰਟ, ਕੈਪਰੀ, ਟੀ-ਸ਼ਰਟ,ਜੀਨਸ ਨਹੀਂ ਪਹਿਨ ਸਕਣਗੀਆਂ ਅਤੇ ਲੜਕਿਆਂ ਨੂੰ ਜੀਨਸ ਅਤੇ ਟੀ-ਸ਼ਰਟ ਦੀ ਬਜਾਏ ਫਾਰਮਲ ਟ੍ਰਾਊਜ਼ਰ ਅਤੇ ਟੀ-ਸ਼ਰਟ ਪਹਿਨ ਕੇ ਕਾਲਜ ਵਿੱਚ ਆਉਣਾ ਹੋਵੇਗਾ। ਬੀਤੇ ਦਿਨ ਡਾਕਟਰ ਸੁਜਾਤਾ ਸ਼ਰਮਾ ਨੇ ਮੈਡੀਕਲ ਕਾਲਜ ਦੇ ਸਾਰੇ ਵਿਭਾਗਾਂ ਦੇ ਇੰਚਾਰਜਾਂ, ਹੋਸਟਲ ਸੁਪਰਡੈਂਟ, ਕਾਲਜ ਸੁਪਰਡੈਂਟ ਨੂੰ ਇਹ ਪੱਤਰ ਜਾਰੀ ਕਰ ਕੇ ਸਪੱਸ਼ਟ ਕਰ ਦਿੱਤਾ ਕਿ ਉਹ ਇਹ ਯਕੀਨੀ ਕਰਨ ਕਿ ਕੋਈ ਸਟੂਡੈਂਟ ਜੀਂਸ, ਟੀ-ਸ਼ਰਟ, ਕੈਪਰੀ ਜਾਂ ਸਕਰਟ ਪਹਿਨ ਕੇ ਕਾਲਜ ਵਿੱਚ ਨਾ ਆਵੇ। ਮੈਡੀਕਲ ਕਾਲਜ ਵਿੱਚ ਐੱਮ ਬੀ ਬੀ ਐੱਸ, ਬੀ ਐੱਮ ਸੀ, ਡਿਪਲੋਮਾ ਕੋਰਸ ਅਤੇ ਇੰਟਰਨਸ਼ਿਪ ਕਰ ਰਹੇ ਵਿਦਿਆਰਥੀ ਤੈਅ ਡ੍ਰੈੱਸ ਕੋਡ ਦਾ ਪਾਲਣ ਕਰਨ। ਵਿਦਿਆਰਥਣਾਂ ਸਲਵਾਰ-ਸੂਟ ਜਾਂ ਟ੍ਰਾਊਜ਼ਰ-ਸ਼ਰਟ ਪਹਿਨ ਕੇ ਆਉਣ ਅਤੇ ਲੜਕੇ ਫਾਰਮਲ ਟ੍ਰਾਊਜਰ ਅਤੇ ਸ਼ਰਟ ਅਤੇ ਉਸ ਉਤੇ ਸਫੇਦ ਐਪਰਿਨ ਪਹਿਨ ਕੇ ਆਪਣੀ ਕਲਾਸਾਂ ਅਤੇ ਵਿਭਾਗਾਂ ਵਿੱਚ ਆਉਣ। ਡਾਕਟਰ ਸੁਜਾਤਾ ਸ਼ਰਮਾ ਨੇ ਸਾਫ ਕੀਤਾ ਕਿ ਵਿਦਿਆਰਥੀ-ਵਿਦਿਆਰਥਣਾਂ ਟੀ-ਸ਼ਰਟ, ਕੈਪਰੀ, ਜੀਨਸ ਅਤੇ ਸਕਰਟ ਪਹਿਨ ਕੇ ਕਾਲਜ ਆਉਂਦੇ ਹਨ, ਜੋ ਦੇਖਣ ਨੂੰ ਮਾੜਾ ਲੱਗਦਾ ਹੈ। ਜੇ ਕੋਈ ਵਿਦਿਆਥੀ ਇਸ ਹੁਕਮ ਦਾ ਉਲੰਘਣਾ ਕਰਦਾ ਹੈ ਤਾਂ ਉਸ ਦਾ ਨਾਂਅ, ਰੋਲ ਨੰਬਰ ਅਤੇ ਕਲਾਸ ਦੀ ਜਾਣਕਾਰੀ ਉਨ੍ਹਾਂ ਨੂੰ ਦਿੱਤੀ ਜਾਏ। ਪ੍ਰਿੰਸੀਪਲ ਨੇ ਸਪੱਸ਼ਟ ਕੀਤਾ ਹੈ ਕਿ ਇੱਕ ਅਕਤੂਬਰ ਤੋਂ ਸਾਰੇ ਵਿਦਿਆਰਥੀ ਡ੍ਰੈੱਸ ਕੋਡ ਦਾ ਪਾਲਣ ਕਰਨਗੇ। ਦੂਸਰੇ ਪਾਸੇ ਪ੍ਰਿੰਸੀਪਲ ਦੇ ਇਸ ਹੁਕਮ ਦਾ ਮੈਡੀਕਲ ਕਾਲਜ ਵਿੱਚ ਵਿਰੋਧ ਸ਼ੁਰੂ ਹੋ ਗਿਆ ਹੈ। ਸਟੂਡੈਂਟਸ ਬਾਡੀ ਜੀ ਐੱਸ ਐੱਮ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਸ ਹੁਕਮ ਨਾਲ ਸਹਿਮਤ ਨਹੀਂ ਹਨ।

## ਹਾਈ ਕਮਾਨ ਨਾਲ ਗੱਲਬਾਤ ਲਈ ਖਹਿਰਾ ਧੜੇ ਵੱਲੋਂ ਪੰਜ ਮੈਂਬਰੀ ਕਮੇਟੀ ਕਾਇਮ

ਚੰਡੀਗੜ੍ਹ, 26 ਸਤੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਬਾਗੀ ਵਿਧਾਇਕਾਂ ਦੇ ਖਹਿਰਾ ਧੜੇ ਨੇ ਪਾਰਟੀ ਦੀ ਹਾਈ ਕਮਾਨ ਨਾਲ ਗੱਲਬਾਤ ਕਰਨ ਲਈ ਪੰਜ ਮੈਂਬਰੀ ਕਮੇਟੀ ਦਾ ਐਲਾਨ ਕਰ ਦਿੱਤਾ ਹੈ। ਇਸ ਕਮੇਟੀ ਵਿੱਚ ਵਿਧਾਇਕ ਕੰਵਰ ਸੰਧੂ, ਨਾਜਰ ਸਿੰਘ ਮਾਨਸ਼ਾਹੀਆ, ਮਾਸਟਰ ਬਲਦੇਵ ਸਿੰਘ, ਜਗਦੇਵ ਸਿੰਘ ਕਮਾਲੂ ਤੇ ਅੰਮ੍ਰਿਤਸਰ ਤੋਂ ਪੀ ਏ ਸੀ ਮੈਂਬਰ ਸੁਰੇਸ਼ ਕੁਮਾਰ ਨੂੰ ਸ਼ਾਮਲ ਕੀਤਾ ਗਿਆ ਹੈ।



ਇਸ ਸੰਬੰਧ ਵਿੱਚ ਬਾਗੀ ਧੜੇ ਦੇ ਨੇਤਾਵਾਂ ਦਾ ਕਹਿਣਾ ਕਿਹਾ ਹੈ ਕਿ ਇਸ ਮਾਮਲੇ ਵਿੱਚ ਉਹ ਲੋਕ ਗੱਲਬਾਤ ਲਈ ਸ਼ੁਰੂ ਤੋਂ ਹੀ ਤਿਆਰ ਸਨ, ਪਰ ਹਾਈ ਕਮਾਨ ਦੇ 'ਦਰਬਾਰੀਆਂ' ਨੇ ਸਿਰਫ ਮੀਡੀਆ ਵਿੱਚ ਬਿਆਨਬਾਜ਼ੀ ਕੀਤੀ ਸੀ ਕਿ ਉਹ ਗੱਲਬਾਤ ਕਰਨਗੇ, ਅੱਜ ਤੱਕ ਕਿਸੇ ਵੀ ਪੱਧਰ ਉਤੇ ਗੱਲਬਾਤ ਲਈ ਸੰਪਰਕ ਨਹੀਂ ਕੀਤਾ ਗਿਆ। ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਜੇ ਹਾਲੇ ਵੀ ਹਾਈ ਕਮਾਨ ਵੱਲੋਂ ਗੱਲਬਾਤ ਦਾ ਫੈਸਲਾ ਲਿਆ ਗਿਆ ਤਾਂ ਉਸ ਨੂੰ ਪਾਰਦਰਸ਼ੀ ਰੱਖਣ ਲਈ ਉਹ ਅਤੇ ਉਨ੍ਹਾਂ ਦੇ ਸਾਥੀ ਵਿਧਾਇਕ ਪੂਰੀ ਗੱਲਬਾਤ ਨੂੰ ਸੋਸ਼ਲ ਮੀਡੀਆ ਉਤੇ ਲਾਈਵ ਕਰਨ ਲਈ ਤਿਆਰ ਹਨ।

ਸੁਖਪਾਲ ਸਿੰਘ ਖਹਿਰਾ ਨੇ ਆਪਣੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬੇਅਦਬੀ ਅਤੇ ਗੋਲੀ ਕਾਂਡ ਦੇ ਮੁੱਦੇ ਉਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਤੇ ਅਕਾਲੀ ਦਲ ਕਿੰਨੇ ਗੰਭੀਰ ਹਨ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਅਮਰਿੰਦਰ ਸਿੰਘ ਤੇ ਬਾਦਲ ਪਰਵਾਰ ਨੇ ਸੱਤ ਅਕਤੂਬਰ ਨੂੰ ਆਪਣਾ 'ਰੈਲੀਆਂ ਦਾ ਫਰੈਂਡਲੀ ਮੈਚ' ਰੱਖ ਲਿਆ ਹੈ, ਜਦੋਂ ਕਿ ਸਭ ਨੂੰ ਪਤਾ ਸੀ ਕਿ ਬੇਅਦਬੀ ਅਤੇ ਗੋਲੀ ਕਾਂਡ ਦੇ ਮਾਮਲਿਆਂ ਦਾ ਇਨਸਾਫ ਮੰਗਣ ਲਈ ਸਾਡੀ ਸੱਦੀ ਹੋਈ ਸਰਬ ਪਾਰਟੀ ਮੀਟਿੰਗ ਵਿੱਚ ਸੱਤ ਅਕਤੂਬਰ ਨੂੰ ਰੋਸ ਮਾਰਚ ਕਰਨ ਦਾ ਐਲਾਨ ਕੀਤਾ ਜਾ ਚੁੱਕਾ ਹੈ। ਖਹਿਰਾ ਨੇ ਕਿਹਾ ਕਿ ਦੋਵਾਂ ਵੱਡੇ ਰਾਜਨੀਤਕ ਪਰਵਾਰਾਂ ਨੇ ਆਪਣੇ ਹਿੱਤਾਂ ਨੂੰ ਸਾਧਣ ਲਈ ਆਪਣੀਆਂ ਰੈਲੀਆਂ ਦੀ ਤਰੀਕ ਸੱਤ ਅਕਤੂਬਰ ਰੱਖੀ ਹੈ।

## ਬਾਈਕ ਸਵਾਰ ਪੁਲਸ ਵਾਲੇ ਦੀ ਟੱਕਰ ਨਾਲ ਨੌਜਵਾਨ ਦੀ ਮੌਤ

ਬਠਿੰਡਾ, 26 ਸਤੰਬਰ (ਪੋਸਟ ਬਿਊਰੋ)- ਕਰੀਬ ਤਿੰਨ ਦਿਨ ਪਹਿਲਾ ਨਰੂਆਣਾ ਰੋਡ ਉਤੇ ਬਾਈਕ ਅਤੇ ਸਾਈਕਲ ਦੀ ਟੱਕਰ ਨਾਲ ਸਾਈਕਲ ਸਵਾਰ ਗੁਰਮੀਤ ਸਿੰਘ ਦੀ ਮੌਤ ਹੋ ਗਈ ਅਤੇ ਬਾਈਕ ਸਵਾਰ ਪੁਲਸ ਕਰਮੀ ਹਰਬਿੰਦਰ ਸਿੰਘ ਜ਼ਖਮੀ ਹੋ ਗਿਆ, ਜਿਸ ਨੂੰ ਲੋਕਾਂ ਨੇ ਇਲਾਜ ਲਈ ਸਿਵਲ ਹਸਪਤਾਲ ਭਰਤੀ ਕਰਵਾਇਆ। ਜਦ ਸਾਈਕਲ ਸਵਾਰ ਦੀ ਮੌਤ ਹੋਣ ਦੀ ਖਬਰ ਜ਼ਖਮੀ ਪੁਲਸ ਕਰਮੀ ਨੂੰ ਲੱਗੀ ਤਾਂ ਉਹ ਹਸਪਤਾਲ ਤੋਂ ਫਰਾਰ ਹੋ ਗਿਆ।

ਥਾਣਾ ਸਦਰ ਪੁਲਸ ਨੇ ਮੋਟਰ ਸਾਈਕਲ ਵਾਲੇ ਪੁਲਸ ਕਰਮੀ ਹਰਬਿੰਦਰ ਸਿੰਘ ਉੱਤੇ ਕੇਸ ਦਰਜ ਕਰ ਲਿਆ ਪਰ ਉਸ ਦੀ ਗ੍ਰਿਫਤਾਰੀ ਨਹੀਂ ਕੀਤੀ। ਥਾਣਾ ਸਦਰ ਇੰਚਾਰਜ ਪਰਮਜੀਤ ਸਿੰਘ ਦੇ ਮੁਤਾਬਕ ਦੋਸ਼ੀ ਮੁਲਾਜ਼ਮ ਹੈ ਆਪਣੇ ਆਪ ਆ ਜਾਵੇਗਾ। ਦੇਰ ਸ਼ਾਮ ਐਸ ਐਸ ਪੀ ਬਠਿੰਡਾ ਨੇ ਪੁਲਸ ਕਰਮੀ ਨੂੰ ਸਸਪੈਂਡ ਕਰ ਦਿੱਤਾ।

ਪਤਾ ਲੱਗਾ ਹੈ ਕਿ ਪਿੰਡ ਨਰੂਆਣਾ ਦਾ ਗੁਰਮੀਤ ਸਿੰਘ ਸਾਈਕਲ 'ਤੇ ਜਾ ਰਿਹਾ ਸੀ ਕਿ ਤੇਜ਼ੀ ਨਾਲ ਆਏ ਮੋਟਰ ਸਾਈਕਲ ਚਾਲਕ ਪੁਲਸ ਵਾਲੇ ਹਰਬਿੰਦਰ ਸਿੰਘ ਨੇ ਉਸ ਨੂੰ ਟੱਕਰ ਮਾਰ ਦਿੱਤੀ। ਸਾਈਕਲ ਸਵਾਰ ਨੇ ਕੁਝ ਸਮੇਂ ਬਾਅਦ ਦਮ ਤੋੜ ਦਿੱਤਾ ਅਤੇ ਬਾਈਕ ਸਵਾਰ ਪੁਲਸ ਵਾਲੇ ਨੂੰ ਵੀ ਸੱਟਾਂ ਲੱਗੀਆਂ, ਜਿਸ ਨੂੰ ਇਲਾਜ ਲਈ ਆਸ ਪਾਸ ਦੇ ਲੋਕਾਂ ਨੇ ਸਿਵਲ ਹਸਪਤਾਲ ਬਠਿੰਡਾ ਵਿੱਚ ਪਹੁੰਚਾਇਆ ਸੀ। ਜਦੋਂ ਉਸ ਨੂੰ ਸਾਈਕਲ ਸਵਾਰ ਦੀ ਮੌਤ ਦੀ ਖਬਰ ਮਿਲੀ ਤਾਂ ਉਹ ਹਸਪਤਾਲ ਤੋਂ ਭੱਜ ਗਿਆ ਸੀ।

## ਪੈਟਰੋਲ-ਡੀਜ਼ਲ ਉੱਤੇ ਇੱਕੋ ਜਿਹੀ ਵੈਟ ਨੀਤੀ ਲਈ ਛੇ ਰਾਜਾਂ ਦੀ ਸਹਿਮਤੀ ਬਣੀ

ਚੰਡੀਗੜ੍ਹ, 26 ਸਤੰਬਰ (ਪੋਸਟ ਬਿਊਰੋ)- ਪੈਟਰੋਲ ਅਤੇ ਡੀਜ਼ਲ 'ਤੇ ਲੱਗਣ ਵਾਲੇ ਵੈਟ ਦੀਆਂ ਦਰਾਂ ਵਿੱਚ ਇਕਸਾਰਤਾ ਲਈ ਨੀਤੀ ਬਣਾਉਣ ਬਾਰੇ ਛੇ ਰਾਜਾਂ ਦੀ ਸਹਿਮਤੀ ਬਣ ਗਈ ਹੈ। ਇਹ ਸਹਿਮਤੀ ਕੱਲ੍ਹ ਇਨ੍ਹਾਂ ਰਾਜਾਂ ਦੇ ਵਿੱਤ ਮੰਤਰੀਆਂ ਦੀ ਉਸ ਬੈਠਕ ਵਿੱਚ ਬਣੀ, ਜਿਹੜੀ ਵਿਸ਼ੇਸ਼ ਤੌਰ 'ਤੇ ਇਸ ਮੱਦੇ ਬਾਰੇ ਬੁਲਾਈ ਗਈ ਸੀ। ਡੀਜ਼ਲ ਅਤੇ ਪੈਟਰੋਲ ਤੋਂ ਇਲਾਵਾ ਐਕਸਾਈਜ਼ ਅਤੇ ਟਰਾਂਸਪੋਰਟ ਨੀਤੀ 'ਚ ਇਕਸਾਰਤਾ ਲਈ ਵੀ ਇਨ੍ਹਾਂ ਨੇ ਸਹਿਮਤੀ ਜਤਾਈ ਹੈ। ਪੈਟਰੋਲ-ਡੀਜ਼ਲ 'ਤੇ ਵੈਟ ਦੇ ਅਧਿਕਾਰੀਆਂ ਦੀ ਕਮੇਟੀ ਬਣਾਈ ਗਈ, ਜੋ 15 ਦਿਨਾਂ 'ਚ ਫੈਸਲਾ ਲਵੇਗੀ।




ਕੱਲ੍ਹ ਚੰਡੀਗੜ੍ਹ ਵਿੱਚ ਛੇ ਰਾਜਾਂ ਦੇ ਵਿੱਤ ਮੰਤਰੀਆਂ ਦੀ ਮੀਟਿੰਗ ਵਿੱਚ ਦਿੱਲੀ ਸਰਕਾਰ ਵੱਲੋਂ ਉਪ ਮੁੱਖ ਮੰਤਰੀ ਮੁਨੀਸ਼ ਸਿਸੋਦੀਆ, ਪੰਜਾਬ ਵੱਲੋਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਹਰਿਆਣਾ ਵੱਲੋਂ ਕੈਪਟਨ ਅਭਿਮੰਨਿਊ ਦੇ ਨਾਲ ਉਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਐਕਸਾਈਜ਼ ਅਤੇ ਟੈਕਸੇਸ਼ਨ ਅਧਿਕਾਰੀ ਵੀ ਮੌਜੂਦ ਰਹੇ। ਬੈਠਕ ਵਿੱਚ ਸਾਰੇ ਰਾਜਾਂ ਦੇ ਪ੍ਰਤੀਨਿਧ ਇਸ ਗੱਲ ਦੇ ਹੱਕ ਵਿੱਚ ਸਨ ਕਿ ਰਾਜਾਂ ਵਿੱਚ ਐਕਸਾਈਜ਼ ਨੀਤੀ ਤੇ ਟਰਾਂਸਪੋਰਟ ਪਰਮਿਟ ਅਤੇ ਗੱਡੀਆਂ ਦੀ ਰਜਿਸਟਰੇਸ਼ਨ ਦੇ ਟੈਕਸਾਂ ਵਿੱਚ ਇਕਸਾਰਤਾ ਹੋਣੀ ਚਾਹੀਦੀ ਹੈ।

ਬੈਠਕ ਪਿੱਛੋਂ ਮੀਡੀਆ ਨਾਲ ਗੱਲਬਾਤ ਦੌਰਾਨ ਹਰਿਆਣਾ ਦੇ ਵਿੱਤ ਮੰਤਰੀ ਕੈਪਟਨ ਅਭਿਮੰਨਿਊ ਨੇ ਦੱਸਿਆ ਕਿ ਉੱਤਰ ਭਾਰਤ ਦੇ ਪੰਜ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿੱਚ ਤੇਲ ਉਤੇ ਲੱਗਦੇ ਵੈਟ ਵਿੱਚ ਇਕਸਾਰਤਾ ਦੇ ਮਕਸਦ ਨਾਲ ਇਹ ਅਹਿਮ ਬੈਠਕ ਚੰਡੀਗੜ੍ਹ ਵਿੱਚ ਹੋਈ, ਜਿਸ ਵਿੱਚ ਫੈਸਲਾ ਲਿਆ ਗਿਆ ਕਿ ਜਿਵੇਂ ਮਈ 2015 ਵਿੱਚ ਇਨ੍ਹਾਂ ਰਾਜਾਂ ਨੇ ਆਮ ਸਹਿਮਤੀ ਬਣਾ ਕੇ ਵੈਟ ਦੀਆਂ ਦਰਾਂ ਲਗਭਗ ਬਰਾਬਰ ਕਰ ਕੇ ਆਮ ਜਨਤਾ ਨੂੰ ਰਾਹਤ ਦਿੱਤੀ ਸੀ, ਉਸੇ ਤਰ੍ਹਾਂ ਦੀ ਕੋਸ਼ਿਸ਼ ਫਿਰ ਕੀਤੀ ਜਾਵੇ।









# ਕਾਂਗਰਸ ਮੈਨੂੰ ਹਰਾਉਣ ਲਈ ਦੇਸ਼ੋਂ ਬਾਹਰ ਗਠਜੋੜ ਕਰਦੀ ਹੈ: ਮੋਦੀ

ਭੋਪਾਲ, 26 ਸਤੰਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਕਾਂਗਰਸ ਪਾਰਟੀ ਵੱਲੋਂ ਭਾਜਪਾ ਉੱਤੇ ਜਿੰਨਾ ਵੀ ਚਿੱਕੜ ਸੁੱਟਿਆ ਜਾਏਗਾ, 'ਕਮਲ' (ਭਾਜਪਾ ਦਾ ਚੋਣ ਨਿਸ਼ਾਨ) ਓਨਾ ਹੀ ਖਿੜੇਗਾ।



ਇਸ ਨਗਰ ਵਿੱਚ ਭਾਜਪਾ ਵਰਕਰਾਂ ਦੇ 'ਮਹਾਕੁੰਭ' ਵਿੱਚ ਬੋਲਦੇ ਹੋਏ ਮੋਦੀ ਨੇ ਰਾਫੇਲ ਸੌਦੇ ਬਾਰੇ ਚੱਲ ਰਹੇ ਦੋਸ਼ਾਂ ਸੰਬੰਧੀ ਕਿਹਾ ਕਿ ਕਾਂਗਰਸ ਪਾਰਟੀ ਮੇਰੀ ਸਰਕਾਰ 'ਤੇ ਚਿੱਕੜ ਉਛਾਲ ਰਹੀ ਹੈ, ਉਹ ਇੰਝ ਇਸ ਲਈ ਕਰ ਰਹੀ ਹੈ ਕਿ ਵਿਕਾਸ ਵਰਗੇ ਮੁੱਦਿਆਂ ਉੱਤੇ ਚਰਚਾ ਕਰਨ ਦੇ ਮੁਕਾਬਲੇ ਇਹ ਸੌਖਾ ਕੰਮ ਹੈ। ਕਾਂਗਰਸ ਦਾ ਮਜ਼ਾਕ ਉਡਾਉਂਦਿਆਂ ਮੋਦੀ ਨੇ ਕਿਹਾ ਕਿ 125 ਸਾਲ ਪੁਰਾਣੀ ਪਾਰਟੀ ਅੱਜ ਇਸ ਹਾਲਤ ਵਿੱਚ ਪਹੁੰਚ ਗਈ ਹੈ ਕਿ ਉਸ ਨੂੰ ਗਠਜੋੜ ਕਰਨ ਦੇ ਲਈ ਛੋਟੀਆਂ-ਛੋਟੀਆਂ ਪਾਰਟੀਆਂ ਤੋਂ ਭੀਖ ਮੰਗਣੀ ਪੈ ਰਹੀ ਹੈ। ਜੇ ਉਸ ਨੂੰ ਗਠਜੋੜ ਲਈ ਸਹਿਯੋਗੀ ਮਿਲ ਵੀ ਗਏ ਤਾਂ ਇਹ ਗਠਜੋੜ ਸਫਲ ਨਹੀਂ ਹੋਵੇਗਾ। ਮੋਦੀ ਨੇ ਭਰੋਸਾ ਪ੍ਰਗਟ ਕੀਤਾ ਕਿ ਮੱਧ ਪ੍ਰਦੇਸ਼ ਵਿੱਚ ਇਸ ਸਾਲ ਹੋਣ ਵਾਲੀਆਂ ਅਸੈਂਬਲੀ ਚੋਣਾਂ ਅਤੇ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਜਿੱਤ ਹਾਸਲ ਹੋਵੇਗੀ। ਉਨ੍ਹਾ ਨੇ ਕਿਹਾ ਕਿ ਕਾਂਗਰਸ ਮੈਨੂੰ ਹਰਾਉਣ ਲਈ ਦੇਸ਼ ਤੋਂ ਬਾਹਰ ਗਠਜੋੜ ਕਰਦੀ ਹੈ। ਮੋਦੀ ਨੇ ਸਵਾਲੀਆ ਲਹਿਜੇ ਵਿੱਚ ਕਿਹਾ ਕਿ ਕੀ ਬਾਹਰਲੇ ਦੇਸ਼ ਇਹ ਤੈਅ ਕਰਨਗੇ ਕਿ ਭਾਰਤ ਦਾ ਪ੍ਰਧਾਨ ਮੰਤਰੀ ਕੌਣ ਬਣੇਗਾ? ਦੇਸ਼ ਦੀ ਕੋਈ ਵੀ ਪਾਰਟੀ ਹੋਵੇ, ਉਹ ਤਿੰਨ ਮਹਾਪੁਰਖਾਂ ਮਹਾਤਮਾ ਗਾਂਧੀ, ਰਾਮ ਮਨੋਹਰ ਲੋਹੀਆ ਅਤੇ ਦੀਨਦਿਆਲ ਉਪਾਧਿਆਏ ਦੇ ਵਿਚਾਰਾਂ ਉਤੇ ਚੱਲਦੀ ਹੈ, ਇਨ੍ਹਾਂ ਤੋਂ ਬਿਨਾਂ ਕੋਈ ਪਾਰਟੀ ਚੱਲ ਨਹੀਂ ਸਕਦੀ। ਭਾਜਪਾ ਨੂੰ ਦੀਨਦਿਆਲ ਦੇ ਨਾਲ ਮਹਾਤਮਾ ਗਾਂਧੀ ਤੇ ਲੋਹੀਆ ਵੀ ਪ੍ਰਵਾਨ ਹਨ।

# ਆਰਥਿਕ ਆਜ਼ਾਦੀ ਵੱਲ ਚੰਗਾ ਪ੍ਰਦਰਸ਼ਨ ਕਰ ਕੇ ਵੀ ਭੂਟਾਨ ਨਾਲੋਂ ਭਾਰਤ ਪਿੱਛੇ

ਨਵੀਂ ਦਿੱਲੀ, 26 ਸਤੰਬਰ (ਪੋਸਟ ਬਿਊਰੋ)- ਆਰਥਿਕ ਆਜ਼ਾਦੀ ਦੇ ਪੱਖ ਵਿੱਚ ਭਾਰਤ ਨੇ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਸਥਿਤੀ 'ਚ ਸੁਧਾਰ ਕੀਤਾ ਤੇ ਦੋ ਪੌੜੀਆਂ ਉਪਰ ਚੜ੍ਹ ਕੇ 96ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਗੁਆਂਢੀ ਦੇਸ਼ਾਂ ਵਿੱਚ ਸਿਰਫ ਭੂਟਾਨ ਹੀ 73ਵੇਂ ਰੈਂਕ ਨਾਲ ਭਾਰਤ ਤੋਂ ਅੱਗੇ ਹੈ। ਇਸ ਸੂਚੀ 'ਚ ਨੇਪਾਲ 102ਵੇਂ, ਸ਼੍ਰੀਲੰਕਾ 106ਵੇਂ, ਚੀਨ 108ਵੇਂ, ਬੰਗਲਾ ਦੇਸ਼ 120ਵੇਂ, ਪਾਕਿਸਤਾਨ 132ਵੇਂ ਤੇ ਮਿਆਂਮਾਰ 151ਵੇਂ ਰੈਂਕ ਉੱਤੇ ਹਨ।




ਇਸ ਸੰਬੰਧ ਵਿੱਚ ਭਾਰਤ ਦੇ ਮੋਹਰੀ ਥਿੰਕ ਟੈਂਕ ਸੈਂਟਰ ਫਾਰ ਸਿਵਲ ਸੋਸਾਇਟੀ ਤੇ ਕੈਨੇਡੀਅਨ ਥਿੰਕ ਟੈਂਕ ਫ੍ਰੇਜ਼ਰ ਇੰਸਟੀਚਿਊਟ ਵੱਲੋਂ ਮੰਗਲਵਾਰ ਨੂੰ ਸਾਂਝੇ ਰੂਪ ਵਿੱਚ 'ਗਲੋਬਲ ਆਰਥਿਕ ਆਜ਼ਾਦੀ ਸੂਚੀ 2018' ਜਾਰੀ ਕੀਤੀ ਗਈ ਤਾਂ ਇਸ ਵਿੱਚ ਕੁਲ 162 ਦੇਸ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸੂਚੀ 2018 ਵਿੱਚ ਹਾਂਗਕਾਂਗ ਪਹਿਲੇ, ਸਿੰਗਾਪੁਰ ਦੂਜੇ, ਨਿਊਜ਼ੀਲੈਂਡ ਤੀਜੇ, ਸਵਿਟਜ਼ਰਲੈਂਡ ਚੌਥੇ ਅਤੇ ਆਇਰਲੈਂਡ ਪੰਜਵੇਂ ਥਾਂ ਹੈ। ਅਮਰੀਕਾ, ਜਾਰਜੀਆ, ਮਾਰੀਸ਼ਸ, ਬ੍ਰਿਟੇਨ, ਆਸਟ੍ਰੇਲੀਆ ਅਤੇ ਕੈਨੇਡਾ ਚੋਟੀ ਦੇ 10 ਦੇਸ਼ਾਂ ਵਿੱਚ ਹਨ। ਭਾਰਤ (96) ਦੇ ਇਲਾਵਾ ਹੋਰ ਮੁੱਖ ਅਰਥ ਵਿਵਸਥਾ ਵਾਲੇ ਦੇਸ਼ਾਂ 'ਚ ਜਰਮਨੀ (20ਵੇਂ), ਜਾਪਾਨ(41ਵੇਂ), ਫਰਾਂਸ (57ਵੇਂ), ਰੂਸ (87ਵੇਂ) ਅਤੇ ਚੀਨ (108ਵੇਂ) ਸਥਾਨ 'ਤੇ ਹੈ।

ਆਰਥਿਕ ਆਜ਼ਾਦੀ ਦੇ ਲਈ ਸਭ ਤੋਂ ਬੁਰਾ ਪ੍ਰਦਰਸ਼ਨ ਕਰਨ ਵਾਲੇ ਵੈਨੇਜੁਏਲਾ ਨੂੰ ਸਭ ਤੋਂ ਅੰਤ (162ਵਾਂ) ਵਾਲਾ ਸਥਾਨ ਮਿਲਿਆ ਹੈ। ਲੀਬੀਆ, ਅਰਜਨਟੀਨਾ, ਅਲਜੀਰੀਆ,ਸੀਰੀਆ, ਕਾਂਗੋ, ਸੈਂਟਰਲ ਅਫਰੀਕਨ ਰਿਪਬਲਿਕ, ਅੰਗੋਲਾ ਗਿਨੀ-ਬਸਾਊ ਅਤੇ ਸੂਡਾਨ ਕ੍ਰਮਵਾਰ 161ਵੇਂ, 160ਵੇਂ, 159ਵੇਂ, 158ਵੇਂ, 157ਵੇਂ, 156ਵੇਂ, 155ਵੇਂ, 154ਵੇਂ, 153ਵੇਂ ਅਤੇ 152ਵੇਂ ਥਾਂ ਹਨ। ਫ੍ਰੇਜ਼ਰ ਇੰਸਟੀਚਿਊਟ ਲਗਭਗ 100 ਦੇਸ਼ਾਂ ਦੀਆਂ ਖੋਜ ਸੰਸਥਾਵਾਂ ਤੇ ਸਿੱਖਿਅਕ ਸੰਸਥਾਵਾਂ ਨਾਲ ਮਿਲ ਕੇ ਹਰ ਸਾਲ ਗਲੋਬਲ ਆਰਥਿਕ ਆਜ਼ਾਦੀ ਸੂਚੀ ਜਾਰੀ ਕਰਦਾ ਹੈ। ਇਹ ਵਿੱਚ ਸਰਕਾਰ ਦੇ ਆਕਾਰ, ਓਥੇ ਸੰਪਤੀ ਦੇ ਅਧਿਕਾਰ ਦੀ ਸੁਰੱਖਿਆ ਲਈ ਕਾਨੂੰਨ, ਜਾਇਦਾਦ ਤਕ ਲੋਕਾਂ ਦੀ ਪਹੁੰਚ, ਵਿਸ਼ਵ ਵਪਾਰ ਦੀ ਆਜ਼ਾਦੀ ਤੇ ਕਰਜ਼ੇ ਦੇ ਨਿਯਮ ਤੇ ਮੇਹਨਤ ਤੇ ਕੰਮ ਦੇ ਆਧਾਰ 'ਤੇ ਹੁੰਦਾ ਹੈ।

# ਆਵਾਰਾ ਬਿੱਲੀਆਂ ਦੀ ਵੀ ਨਸਬੰਦੀ ਕੀਤੀ ਜਾਵੇਗੀ

ਮੁੰਬਈ, 26 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਇਸ ਸਭ ਤੋਂ ਵੱਡੇ ਮਹਾਂਨਗਰ ਵਿੱਚ ਆਵਾਰਾ ਕੁੱਤਿਆਂ ਦੀ ਨਸਬੰਦੀ ਦੇ ਬਾਅਦ ਬਿੱਲੀਆਂ ਦੀ ਵੀ ਨਸਬੰਦੀ ਕੀਤੀ ਜਾਵੇਗੀ। ਬਿੱਲੀਆਂ ਦੀ ਵਧਦੀ ਗਿਣੀ ਨੂੰ ਦੇਖਦੇ ਹੋਏ ਉਨ੍ਹਾਂ ਦੀ ਨਸਬੰਦੀ ਦੇ ਪ੍ਰਸਤਾਵ 'ਤੇ ਮਨਪਾ ਪ੍ਰਸ਼ਾਸਨ ਨੇ ਆਪਣੀ ਮਨਜ਼ੂਰੀ ਦੇ ਦਿੱਤੀ ਹੈ।

ਵਰਣਣ ਯੋਗ ਹੈ ਕਿ ਬਿੱਲੀ ਦੇ ਵਾਲਾਂ ਅਤੇ ਖਾਂਸੀ ਨਾਲ ਕਈ ਬਿਮਾਰੀਆਂ ਫੈਲਦੀਆਂ ਹਨ। ਇਸ ਦੇ ਨਾਲ ਰੈਬੀਜ਼ (ਹਲਕਾਅ) ਵਰਗੀ ਖਤਰਨਾਕ ਬਿਮਾਰੀ ਤੋਂ ਬਚਣ ਲਈ ਮੁੰਬਈ ਨਗਰ ਨਿਗਮ ਨੇ ਇਹ ਕਦਮ ਚੁੱਕਿਆ ਹੈ। ਕਿਹਾ ਜਾਂਦਾ ਹੈ ਕਿ ਕੁੱਤੇ ਛੇ ਮਹੀਨੇ ਵਿੱਚ ਇਕ ਵਾਰ ਜਣੇਪਾ ਕਰਦੇ ਹਨ, ਬਿੱਲੀ ਸਾਲ ਵਿੱਚ ਕਈ ਵਾਰ ਜਣੇਪਾ ਕਰਦੀ ਹੈ।

# ਸਿੱਖ ਕਤਲੇਆਮ ਦੀ ਇਕ ਹੋਰ ਗਵਾਹ ਨੂੰ ਧਮਕੀ ਦਿੱਤੀ ਗਈ

ਨਵੀਂ ਦਿੱਲੀ, 26 ਸਤੰਬਰ (ਪੋਸਟ ਬਿਊਰੋ)- ਨਵੰਬਰ 1984 ਸਿੱਖ ਕਤਲੇਆਮ ਨਾਲ ਦੀ ਮੁੱਖ ਗਵਾਹ ਨੂੰ ਧਮਕਾਉਣ ਦੀ ਖਬਰ ਮਿਲੀ ਹੈ। ਪੋਪਲੀ ਕੌਰ ਨਾਂਅ ਦੀ ਇਹ ਗਵਾਹ ਤਿਲਕ ਨਗਰ ਵਿੱਚ ਰੇਹੜੀ ਲਾਉਂਦੀ ਹੈ।

